ਮਾਸਿਕ ੧ਓ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

# ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿਬਿ ਤਰਹੁ ॥

MAY. 98 ਮਈ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਰਾਮ ਨਾਮ ਬਿਨੁ ਸਾਂਤਿ ਨ ਆਵੈ | ੧ | ੭.ਗੁਰੂ ਅਮਰਦਾਸ ਜੀ ਦੇ ਉਪਦੇਸ਼ | ੧੯ |
| ੨.ਅਕਾਲ ਪੁਰਖ ਦੀ ਦਰਗਾਹ | ੩. | ੮.ਸ੍ਰੀ ਜਾਂ ਸਿਰਦਾਰ | ੨੧ |
| ੩.ਪੰਜਵੇਂ ਪਾਤਸ਼ਾਹ ਦੇ ਪੰਜ ਮਹਾਨ ਗੁਣ | ੭. | ੯.ਗੁਰੂ ਅਰਜਨ ਦੇਵ ਜੀ ਦਾ ਜੀਵਨ ਆਦਰਸ਼ | ੨੨ |
| ੪.ਗੁਰਮੁਖੀ ਬਾਣਾ | ੯. | ੧੦.ਸੋਹਣੇ ਦਾ ਸੰਕਲਪ | ੨੪. |
| ੫.ਨਾਮ ਤੋਂ ਬਿਨਾ (ਕਵਿਤਾ) | ੧੪. | ੧੧.ਕਰਮ ਫਿਲਾਸਫੀ | ੨੬. |
| ੬.ਹੇ ਲੋਭਾ-ਨਚ ਮਾਤ ਪਿਤਾ ਤਵ ਲਜਯਾ | ੧੫. | ੧੨.ਆਪਾ ਸੁਆਰਨ ਦੀ ਲੋੜ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪਾ:੩ ਅਵਤਾਰ ਧਾਰਿਆ | ੧੦ ਮਈ |
| ਪਾ:੬ ਗੁਰਿਆਈ ਮਿਲੀ | ੧੯ ਮਈ |
| ਪਾ:੫ ਜੋਤੀ ਜੋਤਿ ਸਮਾਏ | ੨੯ ਮਈ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2 5JP TEL-01753-530624 Fax-01753-535803
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:–

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ। ਫੋਨ: ੫੪੩੫੯੧


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੨
ਮਈ ੧੯੯੮
ਅੰਕ ੫

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ.......੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਰਾਮ ਨਾਮ ਬਿਨੁ ਸਾਂਤਿ ਨ ਆਵੈ

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥੧॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥੧॥ਰਹਾਉ॥
ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥੨॥
ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥੩॥
ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤਿ ਕੈ ਬਾਂਧੈ ਭੇਖੁ ਭਇਆ॥੪॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ॥
ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ॥੫॥

॥੭॥੮॥(ਭੈਰਉ ਮ: ੧, ਪੰਨਾ ੧੧੨੭)

ਵਿਆਖਿਆ- ਤੱਤ ਭਾਵ ਇਸ ਗੁਰਵਾਕ ਸਮੁੱਚੇ ਦਾ ਇਹ ਹੈ ਕਿ ਸਰਬ ਸ੍ਰੇਸ਼ਟ ਸਰਬੋਤਮ ਵਸਤੂ ਤੱਤ ਪਦਾਰਥ ਗੁਰਮਤਿ ਨਾਮ ਹੀ ਹੈ ਜੋ ਕੇਵਲ ਗੁਰ ਪ੍ਰਸਾਦਿ ਕਰਿ ਹੀ ਮਿਲਦਾ ਹੈ, ਜਿਸ ਤੋਂ ਬਿਨਾਂ ਸਾਰੇ ਕਰਮ ਧਰਮ ਅਨਮਤੀਆਂ ਮਨਮਤੀਆਂ ਦੇ ਸਭਿ ਫ਼ਜ਼ੂਲ ਹਨ, ਨਿਰੀ ਖਲਜਗਣ ਵਾਲੇ ਹੀ ਹਨ। ਭਰਮਾਂ ਵਿਚ ਹੀ ਪਾਉਂਦੇ ਹਨ ਕਰਮ ਧਰਮ ਕਰਨ ਵਾਲੇ ਪ੍ਰਾਣੀ ਨੂੰ । ਨਾ ਹੀ ਏਹਨਾਂ ਕਰਮਾਂ ਦੁਆਰਾ ਪ੍ਰਾਣੀ ਦਾ ਭਰਮ ਦੂਰਿ ਹੁੰਦਾ ਹੈ, ਨਾ ਹੀ ਮੁਕਤੀ ਕਿਸੇ ਨੂੰ ਪ੍ਰਾਪਤਿ ਹੁੰਦੀ ਹੈ। ਗੁਰਮਤਿ ਨਾਮ ਸਿਮਰਨ ਦੁਆਰਾ ਹੀ ਤੱਤ ਮੁਕਤਿ ਅਤੇ ਤੱਤ ਸ਼ਾਂਤੀ ਪ੍ਰਾਪਤਿ ਹੁੰਦੀ ਹੈ। ਪਾਰਬ੍ਰਹਮ ਪਰਮਾਤਮਾ ਹਰੇਕ ਥਾਨ ਪਰੀਪੂਰਨ ਅਤੇ ਹਾਜ਼ਰ ਨਾਜ਼ਰ ਦਿਸਦਾ ਹੈ। ਨਾਮ ਦੇ ਮੁਕਾਬਲੇ ਤੇ ਹੋਮ ਜੱਗ ਪੂਜਾ ਪਾਠ ਆਨਮਤਿ ਮਤਾਂਤ੍ਰਾਂ ਦੇ ਸਿਖਾ ਸੂਤ ਆਦਿ ਭੇਖ ਕਿਸੇ ਕੰਮ ਦੇ ਨਹੀਂ।

ਬਹੁਤੇ ਜੱਗ ਕੀਤੇ, ਜਗਦੇ ਹਮਨ (ਹੋਮ) ਕੀਤੇ, ਜਪ ਤਪ ਪੂਜਾ ਆਦਿ ਆਨਮਤ ਕਰਮ ਕੀਤੇ, ਸਭਿ ਨਿਹਫਲ ਹਨ। ਏਹਨਾਂ ਕਰਮਾਂ ਦੇ ਕੀਤਿਆ ਦੇਹੀ ਦੁਖੀ ਹੁੰਦੀ ਹੈ ਤੇ ਨਿਤ ਨਵੇਂ ਦੁਖ ਸਹਿੰਦੀ ਹੈ, ਹੋਰ ਹਾਸਲ ਕੁਛ ਨਹੀਂ



www.AKJ.Org

ਹੁੰਦਾ। ਅਰਥ ਨਾ ਪਰਮਾਰਥ ਕੁਝ ਭੀ ਸਿੱਧ ਨਹੀਂ ਹੁੰਦਾ। ਮੁਕਤੀ ਤਾਂ ਕੀ ਕਿਸੇ ਨੂੰ ਮਿਲਣੀ ਸੀ ਏਹਨਾਂ ਕਰਮਾਂ ਦੇ ਕੀਤਿਆਂ। ਕਿਉਂਕਿ ਮੁਕਤੀ ਦਾ ਘਰ ਦੂਰ ਹੈ। ਸਗੋਂ ਦੇਹੀ ਨੂੰ ਰੋਗ ਲਗ ਜਾਂਦੇ ਹਨ। ਵਰਮੀ ਮਾਰੀ ਤੇ ਸਪ ਕਦੇ ਨਹੀਂ ਮਰਦਾ। ਮਨ ਭੀ ਸ਼ੁੱਧ ਤੇ ਸ਼ਾਂਤ ਨਹੀਂ ਹੁੰਦਾ, ਕਿਸੇ ਕਰਮ ਕਾਂਡੀ ਦਾ। ਗੁਰਮਤਿ ਨਾਮ ਦੁਆਰਾ ਸਮਤ ਰਾਮ ਜਪੇ ਬਿਨਾਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤੀ ਮਿਲਦੀ ਹੈ ਤਾਂ ਗੁਰਮਤਿ ਨਾਮ ਜਪਿਆਂ ਗੁਰਮੁਖ ਜਨਾਂ ਨੂੰ ਹੀ ਮਿਲਦੀ ਹੈ। ਜਿਸ ਨੂੰ ਗੁਰਮਤਿ ਰਮਤ ਰਾਮ ਪ੍ਰਾਪਤਿ ਨਹੀਂ ਹੋਇਆ, ਓਸ ਦਾ ਜਗ ਵਿਚ ਜਨਮਿਆ, ਜੰਮ ਕੇ ਮਾਨੁਖਾ ਜਨਮ ਧਾਰਿਆ ਐਵੇਂ ਬਿਰਥਾ ਹੀ ਗਇਆ। ਉਸ ਦਾ ਜਗ ਵਿਚ ਜੀਊਣਾ ਪਸ਼ੂ ਤੋਂ ਭੀ ਭੈੜਾ ਹੈ। ਨਾਮ ਅੰਮ੍ਰਿਤ ਨੂੰ ਛਡ ਕੇ ਉਹ ਬਿਖ-ਜੀਵਣੀ ਹੀ ਜੀਵੰਦਾ ਹੈ, ਬਿਖ ਹੀ ਖਾਂਦਾ ਹੈ, ਬਿਖਿਆ ਦੇ ਹੀ ਗ੍ਰਾਸ ਲੈਂਦਾ ਹੈ, ਬਿਖ ਦੇ ਹੀ ਘੁਟ ਪੀਂਦਾ ਹੈ, ਬਿਖੰ ਭਰੇ ਬੋਲ ਹੀ ਬੋਲਦਾ ਹੈ। ਇਉਂ ਅਹਿਨਿਸਿ ਬਿਖ ਬੋਲੀ ਬੋਲਦਿਆਂ ਹੀ ਉਸ ਦੀ ਆਵਰਦਾ ਬਿਹਾਵੰਦੀ ਹੈ ਅਤੇ ਨਾਮ ਤੋਂ ਬਿਨਾਂ ਨਿਹਫਲ ਹੀ ਜਾਂਦੀ ਹੈ। ਬਿਖਿਆ ਮਾਤੇ ਦਾ ਬਿਖਿਆ ਦੇ ਸੰਕਲਪਾਂ ਫੁਰਨਿਆਂ ਵਿਚ ਹੀ ਉਸਦਾ ਅੰਤ (ਮਰਨਾ) ਹੋ ਜਾਂਦਾ ਹੈ; ਅੰਤ ਕਾਲ ਬਿਖਿਆ ਦੇ ਸੰਕਲਪਾਂ ਫੁਰਨਿਆਂ ਨਾਲ ਜਾਨ ਜੁ ਨਿਕਲਦੀ ਹੈ। ਇਸ ਕਰਕੇ ਉਹ ਮਰ ਕੇ ਵਿਸ਼ਟਾ ਖਾਣੇ ਕਾਂਵਾਂ ਕੁੱਤਿਆਂ ਦੀਆਂ ਜੂਨਾਂ ਵਿਚਿ ਭਰਮਦਾ ਹੈ। ਇਹ ਲਖ ਚੁਰਾਸੀ ਜੂਨੀਆਂ ਦਾ ਗੇੜ ਮੁਕਦਾ ਹੀ ਨਹੀਂ । ਭਾਵੇਂ ਸਾਰਾ ਦਿਨ ਵਿਆਕਰਣ ਆਦਿਕ ਆਨਮਤ ਪੁਸਤਕਾਂ ਦਾ ਪਾਠ ਕਰਦਾ ਰਹੇ ਅਤੇ ਤ੍ਰਿਕਾਲਾਂ ਪਈਆਂ ਤੇ ਸੰਧਿਆ ਕਰਮ ਭੀ ਕਰੇ ਉਸ ਪ੍ਰਾਣੀ ਨੂੰ ਮੁਕਤੀ ਕਿਥੇ ? ਏਹਨਾਂ ਕਰਮਾਂ ਦੇ ਕੀਤਿਆਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤਿ ਪਦਾਰਥ ਪ੍ਰਾਪਤਿ ਹੁੰਦਾ ਹੈ ਤਾਂ ਗੁਰਮਤਿ ਨਾਮ ਦੇ ਅਭਿਆਸ ਤੋਂ ਹੁੰਦਾ ਹੈ। ਗੁਰਮਤਿ ਨਾਮ ਦਾ ਅਭਿਆਸ ਦ੍ਰਿੜ੍ਹ ਹੁੰਦਾ ਹੈ ਗੁਰ-ਸ਼ਬਦ ਗੁਰ-ਦੀਖਿਆ ਤੋਂ, ਜੋ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰੇ ਪ੍ਰਾਪਤਿ ਹੁੰਦੀ ਹੈ, ਹਰ ਇਕ ਪ੍ਰਮਾਰਥ ਦੇ ਜਗਿਆਸੂ ਨੂੰ । ਨਹੀਂ ਤਾਂ ਨਾਮ ਸਿਮਰਨ ਬਾਝੋਂ ਹੋਰ ਕਰਮਾਂ ਕਾਂਡਾ ਦੇ ਕਰਨਹਾਰੇ ਏਹਨਾਂ ਕਰਮਾਂ ਕਾਂਡਾਂ ਦੇ ਜੰਜਾਲ ਝਮੇਲੇ ਵਿਚਿ ਹੀ ਉਲਝਿ ਕੇ ਮਰ ਜਾਂਦੇ ਹਨ। ਜੋ ਆਨਮਤੀ, ਆਨਮਤ ਕਰਮ ਕਾਂਡੀ ਪੁਰਸ਼ ਸੰਨਿਆਸ ਭੇਖ ਧਾਰਨ ਕਰ ਕੇ, ਹੱਥ ਵਿਚਿ ਡੰਡਾ ਤੇ ਕਮੰਡਲ ਫੜ ਕੇ ਤੇ ਸਿਰ ਤੇ ਸਿਰਫ਼ ਬੋਦੀ ਰਖ ਕੇ ( ਹੋਰ ਸਭ ਮੁੰਡ ਮੁੰਡਾਇਕੈ) ਅਤੇ ਗਲ ਵਿਖਿ ਜਨੇਊ ਪਾ ਕੇ ਅਤੇ ਤੇੜ ਧੋਤੀ ਪਾ ਕੇ, ਇਉਂ ਕਰਮ ਕਾਂਡੀ ਬਣ ਕੇ ਅਨੇਕਾਂ ਤੀਰਥਾਂ ਤੇ ਭਉਂਦਾ ਭਰਮਦਾ ਫਿਰਦਾ ਹੈ, ਉਹ ਐਵੇਂ ਖੱਜਲ ਹੀ ਹੁੰਦਾ ਹੈ। ਉਸ ਦੇ ਮਨ ਨੂੰ ਭੋਰਾ ਭਰ ਭੀ ਸ਼ਾਂਤੀ ਨਹੀਂ ਆਉਂਦੀ। ਸ਼ਾਂਤੀ ਕਿਥੋਂ ਅਤੇ ਕਿਵੇਂ ਆਵੇ ਨਾਮ ਤੋਂ ਬਿਨਾਂ ? ਨਾਮ ਉਹ ਜਪਦਾ ਨਹੀਂ, ਜਪੇ ਕਿਕੂਰ, ਗੁਰੂ ਘਰ ਬਿਨਾਂ ? ਗੁਰੂ ਦਾ ਸਿਖ ਬਣੇ ਬਿਨਾਂ ? ਨਿਰਾ ਨਿਗੁਰਾ ਰਹੇ ਤੇ ਨਾਮ ਉਸਨੂੰ ਮਿਲਦਾ ਨਹੀਂ। ਨਾਮ ਜਪੇ ਤਾਂ ਉਸਦਾ ਪਾਰ-ਉਤਾਰਾ ਹੋਵੇ। ਫੇਰ ਜੋ ਹੋਰ ਭੇਖ ਸੁਆਹ ,ਲਾ ਕੇ ਲੰਮੀਆ ਜਟਾਂ ਬਣਾਉਣ ਤੇ ਵਧਾਉਣ ਦਾ ਉਹ ਸਾਧਨ ਕਰਦਾ ਹੈ, ਲੰਮੀਆਂ ਜਟਾਵਾਂ ਦਾ ਲੰਮ-ਚੁੜਾ ਵਾਲਾ ਜੂੜਾ ਸਿਰ ਤੇ ਬੰਨ੍ਹਦਾ ਹੈ ਅਤੇ ਤਨ (ਸਰੀਰ) ਉਤੇ ਮਲ ਕੇ ਭਸਮ ਚੜ੍ਹਾ ਲੈਂਦਾ ਹੈ, ਸਰੀਰ ਦੇ ਸਾਰੇ ਬਸਤ੍ਰ ਉਤਾਰ ਕੇ ਸੁਆਹ ਬਿਭੂਤ ਸਰੀਰ ਤੇ ਰੁਮਾਇ ਕੇ ਤਨੋਂ ਨੰਗਮ ਨੰਗਾ ਸਾਧ ਬਣ ਕੇ ਪਰਪੰਚ ਰਚ ਲੈਂਦਾ ਹੈ ਤੇ ਨਾਂਗਿਆਂ ਵਾਲਾ ਭੇਖ ਬਣਾ ਕੇ ਨਗਨ ਸਾਧਿ ਬਨਿ ਬਹਿੰਦਾ ਹੈ, ਉਹ ਐਵੇਂ ਭਟਕਦਾ ਹੀ ਫਿਰਦਾ ਹੈ। ਉਸ ਦੀ ਭਟਕਣਾ ਮਿਟਦੀ ਨਹੀਂ। ਉਸ ਦੀ ਤ੍ਰਿਸ਼ਨਾ ਮਰਦੀ ਨਹੀਂ। ਉਸ ਨੂੰ ਤ੍ਰਿਪਤੀ ਕਿਤੋਂ ਭੀ ਨਹੀਂ ਆਉਂਦੀ। ਏਹਨਾਂ ਭੇਖਾਂ ਵਿਚਿ ਤ੍ਰਿਪਤੀ ਸ਼ਾਂਤੀ ਨਹੀਂ ਹੈ। ਗੁਰਮਤਿ ਨਾਮ ਅਭਿਆਸ ਕਮਾਈ ਵਿਚਿ ਹੀ ਹੈ। ਨਾਮ ਅਭਿਆਸ ਕਮਾਈ ਬਿਨਾਂ, ਗੁਰਮਤਿ ਨਾਮ ਦੇ ਸਿਮਰਨ ਬਿਨਾਂ, ਕਿਸੇ ਭੀ ਕਰਮ ਕਾਂਡ ਜਾਂ ਭੇਖ ਦੇ ਧਾਰਨ ਕੀਤਿਆਂ ਨਾਮ ਤ੍ਰਿਪਤੀ ਨਹੀਂ ਆਉਂਦੀ। ਸਗੋਂ ਅਜਿਹੇ ਹੀ ਪਾਖੰਡ ਕਰਮਾਂ ਦੀ ਕਿਰਤ ਕਮਾਈ ਦਾ ਫੇੜਿਆ ਵੇੜਿਆ ਹੋਇਆ ਭੇਖਾਂ ਦੇ ਗੇੜ ਵਿਚ ਹੀ ਪਇਆ ਰਹਿਦਾ ਹੈ। ਜਲਾਂ ਵਿਚਿ, ਥਲਾਂ ਵਿਚਿ ਅਰਥਾਤ ਪਾਣੀ ਦੇ ਸਾਗਰਾਂ ਵਿਚ ਪਾਣੀ ਦੇ ਜੰਤ ਜਿਤਨੇ ਭੀ ਹਨ ਅਤੇ ਸੁੱਕੀ ਧਰਤੀ (ਥਲ) ਉਤੇ ਰਹਿਣ ਵਾਲੇ ਜਿਤਨੇ ਭੀ ਚਰਾਚਰ ਜੀਵ ਹਨ ਅਤੇ ਧਰਤੀ ਤੇ ਅਸਮਾਨ ਵਿਚਕਾਰਲੇ ਪੁਲਾੜ ਮੱਧੇ ਉਡਾਰੀਆਂ ਲਾਉਣ ਵਾਲੇ ਪੰਛੀ ਹਨ ਅਤੇ ਜਿਥੇ ਕਿਥੇ ਭੀ ਹਨ, ਹੇ ਵਾਹਿਗੁਰੂ । ਤੂੰ ਏਹਨਾਂ ਸਰਬੱਤ੍ਰ ਜੀਵਾਂ ਅੰਦਰਿ ਵਰਤ ਰਿਹਾ ਹੈ। ਪਰ ਸਾਰੇ ਜੀਵ ਅਗਿਆਨ ਭਰਮ ਦੇ ਮਾਰੇ ਹੋਏ, ਹੇ ਵਾਹਿਗੁਰੂ । ਤੈਨੂੰ ਛਡ ਕੇ ਅਤੇ ਤੇਰੇ ਨਾਮ ਸਿਮਰਨ ਨੂੰ ਛਡ ਕੇ ਹੋਰ ਬਿਖ ਮਾਇਆ ਦੇ ਕਰਮਾਂ ਵਿਚ ਪਰਵਿਰਤ ਹੋ ਰਹੇ ਹਨ। ਹੋਰ ਤਾਂ ਹੋਰ ਸਰਬ ਜੀਆਂ ਜਾਂਤਾਂ ਦਾ ਸਿਰਤਾਜ ਅਸ਼ਰਫੁਲ ਮਖ਼ਲੂਕਾਤ ਦੀ ਪਦਵੀ ਵਾਲਾ ਇਨਸਾਨ ਮਨੁੱਖ ਭੀ ਇਸ ਬਿਖ ਮਾਇਆ ਦਾ ਭੁਚਲਾਇਆ ਹੋਇਆ ਬਿਖਿਆ ਰੂਪੀ ਮਾਇਆ ਦਾ ਸੰਚਮ ਹੀ ਸੰਚ ਰਿਹਾ ਹੈ ਅਤੇ ਬਿਖਿਆਵੀ ਮਾਇਆਵੀ ਖਟੀ ਖਟਣ ਦੇ ਬਿਖੁ ਕਰਾਂ ਦੇ ਕਰਨ ਵਿਚਿ ਹਮਾਤਨ ਮਸਰੂਫ਼ ਹੋਇਆ ਹੈ। ਉਸ ਨੂੰ

(ਬਾਕੀ ਪੰਨਾ ੧੪ ਤੇ ..)



www.AKJ.Org

# ਅਕਾਲ ਪੁਰਖ ਦੀ ਦਰਗਾਹ

(ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥
(ਸਿਰੀ ਰਾਗ ਮ: ੧, ਪੰਨਾ ੨੬)

ਅਗਲੀ ਦਰਗਾਹ ਵਿਚ ਗੁਰਮੁਖ ਪਿਆਰੇ ਦੇ ਅਨੰਦ ਰੰਗ ਮਾਨਣ ਦਾ ਕੈਸਾ ਹੂ-ਬ-ਹੂ ਨਕਸ਼ਾ ਬੰਨ੍ਹਿਆ ਹੈ । ਕਿਹੜਾ ਗੁਰਸਿਖ ਹੈ, ਜੋ ਅਗਲੀ ਦਰਗਾਹ ਦੀ ਹਸਤੀ ਤੋਂ ਮੁਨਕਰ ਹੋਣ ਦੀ ਦਲੇਰੀ ਕਰ ਸਕਦਾ ਹੈ। ਹਾਂ ਮਾਇਆ ਮੋਹ ਲਪਟਾਏ, ਲਥ-ਪਥਾਏ ਮਨਮੁਖਾਂ ਨੂੰ ਇਸ ਅਗਲੀ ਦਰਗਾਹ ਦੀ ਪਰਤੀਤ ਨਹੀਂ ਆ ਸਕਦੀ, ਕਿਉਂਕਿ ਉਨ੍ਹਾਂ ਦਾ ਵਿਹਾਰ ਹੀ ਨਿਤਾਪ੍ਰਤਿ ਮਾਇਆ ਗ੍ਰਸਤ ਮੋਹ-ਲਪਟਸਤ ਰਹਿਣਾ ਹੈ। ਉਨ੍ਹਾਂ ਦੀ ਪ੍ਰਮਾਰਥ ਦੇ ਪਾਸੇ ਅੱਖ ਹੀ ਨਹੀਂ ਉਘੜਦੀ। ਉਨ੍ਹਾਂ ਨੂੰ ਪਰਮਾਤਮਾ ਦੇ ਪਾਉਣ ਦੀ ਵੈਰਾਗ-ਉਦਾਸੀ ਹੀ ਨਹੀਂ ਉਪਜਦੀ। ਤਿਨ੍ਹਾਂ ਨੂੰ ਪ੍ਰਮਾਰਥ ਦੇ ਸਚੇ ਸ਼ਾਹ ਸਤਿਗੁਰੂ ਦੇ ਦੁਆਰੇ ਜਾਇ ਸਚੀ ਦੀਖਸ਼ਾ-ਮਈ ਸੁਮਤਿ ਲੈਣ ਦੀ ਲੋੜ ਹੀ ਨਹੀਂ ਭਾਸਦੀ। ਉਹ ਕਰਮ-ਹੀਣ ਸਦਾ ਦੁਖੀ ਦਰਿਦ੍ਰੀ ਤੇ ਦੀਨ ਹੀ ਰਹਿੰਦੇ ਹਨ, ਗੁਰ-ਸ਼ਬਦ ਨਹੀਂ ਚੀਨਦੇ। ਅਗੇ ਜਾ ਕੇ ਖੀਨ ਖਰਾਬ ਤੇ ਪਤਿਹੀਨ ਹੁੰਦੇ ਹਨ, ਰਹਿੰਦੀ ਖੂਹੰਦੀ ਪਤਿ ਭੀ ਖੋਹ ਲੈਂਦੇ ਹਨ। ਇਹ ਹਉਮੈ ਬੰਧਨੀ ਮਨਮੁਖਾਂ ਸਾਕਤਾਂ ਦਾ ਹਾਲ ਹੁੰਦਾ ਹੈ। ਜਿਨ੍ਹਾਂ ਗੁਰਮੁਖਾਂ ਸਤਿਗੁਰ ਦੀ ਦੀਖਿਆ ਲੈ, ਨਿਗੁਰਿਓਂ ਸਗੁਰੇ ਹੋਇ ਕੇ ਹਉਮੈ ਖੋਹੀ ਹੈ ਤਿਨ੍ਹਾਂ ਨਾਮ-ਰੱਤਿਆਂ ਨੂੰ ਹੀ ਸੱਚੜੀ ਦਰਗਾਹੇ ਸੱਚਾ ਸੁੱਖ ਮਿਲਦਾ ਹੈ। ਗੁਰੂ ਦੇ ਗੁਰਮੁਖ ਸਿਖ ਗੁਰਮਤਿ ਕਰਮ ਸੁਕਰਮ ਨਾਮ-ਮਰੰਮੀ, ਨਾਮ-ਸਿਫ਼ਤੰਗੀ ਕਰਮ ਕਮਾਂਵਦੇ ਹੋਇ ਵਿਗਾਸ-ਵਿਗਸੰਗੀ, ਰੰਗ-ਰੰਗੰਮੀ ਹੀ ਰਹਿੰਦੇ ਹਨ; ਦਿਨ ਰਾਤ ਸੰਝ ਪਰਭਾਤ ਭਗਤੀ-ਰੱਤੇ ਹੀ ਰਹਿੰਦੇ ਹਨ। ਐਥੇ ਭੀ ਅਤੇ ਓਥੇ ਭੀ ਬੈਰਾਗ-ਅਨੰਦੀਏ ਅਨੰਦ-ਬੈਰਾਗੀਅੜੇ ਹੀ ਰਹਿੰਦੇ ਹਨ। ਇਸ ਤਰ੍ਹਾਂ ਹਉਮੈ ਮਾਰ ਕੇ ਉਹ ਉੱਕੇ ਹੀ ਨਿਸਚਿੰਤ ਹੋ ਜਾਂਦੇ ਹਨ। ਦੋਹੀ ਸਰਾਈਂ ਸੁਰਖ਼-ਰੂਈ ਹਾਸਲ ਕਰਿ, ਉਨ੍ਹਾਂ ਨੂੰ ਫ਼ਿਕਰ ਚਿੰਤਾ ਕਾਸੇ ਦੀ ਨਹੀਂ ਰਹਿੰਦੀ। ਉਨ੍ਹਾਂ ਦੇ ਵਡੇ ਭਾਗ ਪਹਿਲਾਂ ਹੀ ਉਦੇ ਹੋਇ ਆਉਣ ਕਰਕੇ, ਉਨ੍ਹਾਂ ਦਾ ਮੁਢ ਤੋਂ ਹੀ ਸਤਿਸੰਗ ਵਿਚ ਵਾਸਾ ਤੇ ਪ੍ਰੇਮ-ਹੁਲਾਸਾ ਰਹਿੰਦਾ ਹੈ। ਅਹਿਨਿਸੀ ਸਤਸੰਗ-ਨਿਵਾਸ ਦੇ ਪ੍ਰਤਾਪ ਕਰ, ਤਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਐਸੀ ਹੁੰਦੀ ਹੈ ਕਿ ਉਹ ਸਦਾ ਹੀ ਸਹਿਜ ਅਨੰਦ ਅਵਸਥਾ ਵਿਚ ਲੀਨ-ਮਗਲੀਨ ਰਹਿੰਦੇ ਹਨ। ਇਸ ਪ੍ਰਕਾਰ ਦੇ ਜੋ ਅਨੰਦ-ਮਗਲੀਨ, ਨਾਮ-ਲਿਵਲੀਨ ਗੁਰਸਿਖ ਭਗਤ ਹਨ, ਸੋਈ ਸਚੇ ਸਾਧ ਹਨ, ਸੋਈ ਸਚੇ ਬੈਰਾਗੀ ਹਨ। ਸੋਈ ਸਚੇ ਰਾਜ-ਜੋਗੀ ਹਨ, ਤਿਨ੍ਹਾਂ ਨੇ ਹੀ ਵਿਚੋਂ ਆਪਾ ਗਵਾ ਲਿਆ ਹੁੰਦਾ ਹੈ। ਹਉਮੈ ਦਾ ਉੱਕਾ ਹੀ ਬਿਨਾਸ ਹੋਣ ਕਰਕੇ ਉਹ ਖਿਨ ਖਿਨ ਹਰ ਦਮ ਹੀ ਹਰਿ-ਰਸ ਪੀ ਅਘਾਏ ਰਹਿੰਦੇ ਹਨ। ਐਸਾ ਨਾਮ-ਨਿਧਾਨ ਉਨ੍ਹਾਂ ਨੂੰ ਸਚੇ ਪਾਤਸ਼ਾਹ ਨੇ ਤਲੀ ਤੇ ਕਢ ਕੇ ਦਿਖਾ ਦਿਤਾ ਹੁੰਦਾ ਹੈ ਅਤੇ ਹਿਰਦੇ ਵਿਗਸਤ ਕਰਾ ਦਿਤਾ ਹੁੰਦਾ ਹੈ, ਜਿਸ ਪ੍ਰਸਾਦਿ ਉਹ ਸਦ-ਸਦਾ ਖੀਵੇ ਦਰਸ-ਵਿਗਸੀਏ ਹੀ ਰਹਿੰਦੇ ਹਨ। ਯਥਾ ਗੁਰਵਾਕ :-

ਮਨਮੁਖੁ ਮੋਹਿ ਵਿਆਪਿਆ, ਬੈਰਾਗੁ ਉਦਾਸੀ ਨ ਹੋਇ॥
ਸਬਦੁ ਨ ਚੀਨੈ ਸਦਾ ਦੁਖੁ, ਹਰਿ ਦਰਗਹਿ ਪਤਿ ਖੋਇ॥
ਹਉਮੈ ਗੁਰਮੁਖਿ ਖੋਈਐ, ਨਾਮਿ ਰਤੇ ਸੁਖੁ ਹੋਇ॥੧॥....
ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ, ਹਉਮੈ ਮਾਰਿ ਨਿਚੰਦੁ॥ਵਡੈ ਭਾਗਿ ਸਤਸੰਗਤਿ ਪਾਈ, ਹਰਿ ਪਾਇਆ ਸਹਜਿ ਅਨੰਦੁ॥੨॥ਸੋ ਸਾਧੂ ਬੈਰਾਗੀ ਸੋਈ, ਹਿਰਦੈ ਨਾਮੁ ਵਸਾਏ॥ਅੰਤਰਿ ਲਾਗਿ ਨ ਤਾਮਸੁ ਮੂਲੇ, ਵਿਚਹੁ ਆਪੁ ਗਵਾਏ॥ਨਾਮੁ ਨਿਧਾਨੁ ਸਤਗੁਰੂ ਦਿਖਾਲਿਆ, ਹਰਿ ਰਸੁ ਪੀਆ ਅਘਾਏ॥੩॥...
(ਸਿਰੀ ਰਾਗੁ ਮਹਲਾ ੩, ਪੰਨਾ ੨੯)

ਗੁਰਬਾਣੀ ਅੰਦਰ ਥਾਂ ਥਾਂ ਗੁਰੂ ਸਾਹਿਬ ਦੇ ਇਹ ਹੁਕਮ ਸਪੱਸ਼ਟ ਨਿਖਰਵੇਂ ਅਖਰਾਂ ਵਿਚ ਪਾਏ ਜਾਂਦੇ ਹਨ। ਜੋ ਲੋਕ ਗੁਰੂ ਤੋਂ ਬੇਮੁਖ ਹੋ ਕੇ ਮਨਮੁਖਾਂ ਵਾਲੇ ਕਰਮ ਕਮਾਉਂਦੇ ਹਨ ਉਨ੍ਹਾਂ ਨੂੰ ਅਗੇ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ। ਏਸ ਭੁਲੇਖੇ ਵਿਚ ਕੋਈ ਨ ਰਹੇ ਕਿ ਇਹ ਕੇਵਲ ਰੋਚਕ ਭਿਆਨਕੀ, ਡ੍ਹੂਮ-ਡਰਾਵੇ ਹੀ ਦਿਤੇ ਹੋਏ ਹਨ ਕਿ ਲੋਕ ਬੁਰੇ ਕਰਮਾਂ ਤੋਂ ਹਟ ਜਾਣ। ਬੁਰੇ ਕਰਮਾਂ ਤੋਂ ਹਟਾਉਣਾ ਭੀ ਸਤਿਗੁਰਾਂ ਦਾ ਇਕ ਪਰਮਾਰਥ ਉਦੇਸ਼ੀ ਮੁਖ ਉਪਦੇਸ਼ ਹੈ, ਪਰ ਕੂੜਾਵੇ ਭੈ ਦੇ ਕੇ ਜਾਂ ਦਿਖਾ ਕੇ ਐਸਾ ਕਰਨਾ ਸਤਿਗੁਰੂ ਦੀ ਸਤਿਗੁਰਤਾ ਵਾਲੀ ਵਡਿਆਈ ਨੂੰ ਹਾਸੋ-ਹੀਣਾ ਬਨਾਉਣਾ ਹੈ। ਕੂੜਾਵਾ ਭੈ ਦੇਣਾ ਸਤਿਗੁਰ ਦੀ ਮਹੱਤਤਾ ਨਹੀਂ, ਨਾ ਹੀ ਗੁਰੂ ਗਿਆਨਗਤਾ ਹੈ :-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥(੧੪੨੭)

ਹੀ ਗੁਰੂ-ਗਿਆਨ ਉਪਦੇਸ਼ ਮਹਾਨਤਾ ਹੈ :-

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ,
ਸੁ ਨਾਨਕੁ ਆਖਿ ਸੁਣਾਵੈ॥
(ਆਸਾ ਮਹਲਾ ੫, ਪੰਨਾ ੩੭੩)


www.AKJ.Org

ਵਾਲੀ ਵਾਸਤਵਤਾ ਦਰਸਾਉਣੀ ਸਾਂਗੋਂ-ਪਾਂਗ ਦਰਪਨਾਉਣਾ ਸਤਿਗੁਰੂ ਦੀ ਸੱਤਾ ਮਹੱਤਤਾ ਵਾਲਾ ਵਾਸਤਵੀ ਕਰਤਵ ਹੈ। ਤਾਂ ਤੇ ਇਸ ਕੁੜਾਵੇ ਭਰਵਾਸੇ ਅਵੇਸਲੇ ਹੋ ਰਹਿਣਾ ਕਿ ਅਗੇ ਕੋਈ ਦਰਗਾਹ ਨਹੀਂ, ਨਾ ਹੀ ਕੋਈ ਸਜ਼ਾ ਮਿਲਣੀ ਹੈ, ਐਵੇਂ ਭ੍ਰਮ ਡਰਾਵਾ ਹੀ ਹੈ, ਐਸਾ ਕੁਢੰਗਾ ਢੰਗ ਖ਼ਿਆਲ ਕੁਢੰਗਣਾ ਮਹਾਂ ਮੂਰਖਤਾ ਭਰਿਆ ਅਗਿਆਨ ਹੈ। ਗੁਰ-ਵਾਕਾਂ ਦੁਆਰਾ ਨਿਰਪੂਣ ਹੋਇਆ ਸਤਿਗੁਰੂ ਸਾਹਿਬ ਦਾ ਤਤ ਫ਼ੁਰਮਾਨ ਸਭ ਸਤੇ ਸਤਿ ਹੈ। ਇਕ ਵਾਰ ਨਹੀਂ ਅਨਗਿਣਤ ਵਾਰ, ਇਕ ਥਾਉਂ ਨਹੀਂ ਅਨਗਿਣਤ ਥਾਉਂ ਗੁਰਬਾਣੀ ਅੰਦਰ ਐਸੇ ਫ਼ੁਰਮਾਨ ਆਉਂਦੇ ਹਨ। ਉਦਾਹਰਨ ਵਜੋਂ ਕੁਝ ਕੁ ਪ੍ਰਮਾਣ ਤਿਨ੍ਹਾਂ ਫ਼ੁਰਮਾਨਾਂ ਦੇ ਅਗੇ ਦਿਤੇ ਜਾਂਦੇ ਹਨ:-

ਮਨਮੁਖ ਕਰਮ ਕਮਾਵਣੇ, ਦਰਗਹ ਮਿਲੈ ਸਜਾਇ॥੧॥
...ਹਉਮੈ ਵਿਚਿ ਜਗੁ ਬਿਨਸਦਾ, ਮਰਿ ਜੰਮੈ ਆਵੈ ਜਾਇ॥
ਮਨਮੁਖ ਸਬਦੁ ਨ ਜਾਣਨੀ, ਜਾਸਨਿ ਪਤਿ ਗਵਾਇ॥
(ਸਿਰੀ ਰਾਗੁ ਮ: ੩, ਪੰਨਾ ੩੩)

ਮਨਮੁਖਤਾ ਪਰਲੇ ਦਰਜੇ ਦੀ ਹਉਮੈ ਅਹੰਗਤਾ ਹੈ। ਸਾਰਾ ਜਗਤ ਇਸੇ ਵਿੱਚ ਭੰਬਲ-ਭੂਸੇ ਖਾ ਰਿਹਾ ਹੈ। ਜਿੰਨੇ ਭੀ ਇਸ ਹਉਮੈ ਬਿਆਪ ਉਪਾਧੀ ਵਾਲੇ-ਮਨਮੁਖੀ ਕਰਮ ਹਨ, ਤਿਨ੍ਹਾਂ ਬਦਲੇ ਸਚੀ ਦਰਗਾਹ ਅੰਦਰ ਸਜ਼ਾ ਜ਼ਰੂਰ ਮਿਲਣੀ ਹੈ, ਅਵਸ਼-ਮੇਵ ਮਿਲਣੀ ਹੈ, ਟਲਦੀ ਨਹੀਂ, ਪਰ ਖਿਆਲ ਕੋਈ ਨਹੀਂ ਕਰਦਾ, ਨਾ ਕੋਈ ਸਮਝਦਾ ਹੈ। ਨ ਸਮਝਣ, ਦਰਗਾਹੀ ਸਜ਼ਾ ਵਾਲੀ ਸਜ਼ਾ ਟਲ ਨਹੀਂ ਜਾਣੀ। ਜ਼ਰੂਰ ਭੁਗਤਣੀ ਪਊ। ਏਸ ਮਨਮੁਖਤਾ ਭਰੀ ਹਉਮੈ ਦੇ ਕਾਰਨ ਹੀ ਸਾਰਾ ਜਗ ਬਿਨਸਦਾ ਹੈ, ਮਰਿ ਮਰਿ ਜੰਮਦਾ ਹੈ ਅਤੇ ਜੰਮ ਜੰਮ ਕੇ ਫਿਰ ਆਉਂਦਾ ਜਾਂਦਾ ਅਤੇ ਆਵਾਗਵਨੀ ਚੌਰਾਸੀ ਦੇ ਗੇੜ ਵਿਚ ਭੌਂਦਾ ਹੈ। ਹਉਮੈ ਗ੍ਰਸੇ ਮਨਮੁਖ ਨੂੰ ਗੁਰ-ਸ਼ਬਦ ਦੀ ਦੀਖਿਆ, ਗੁਰ-ਉਪਦੇਸ਼ ਸਤਤਾ ਦੀ ਪਰਤੀਤ ਨਹੀਂ ਆਉਂਦੀ। ਗੁਰ-ਸ਼ਬਦ ਦੀ ਸਾਰ ਨਹੀਂ ਆਉਂਦੀ। ਤਾਹੀ ਤੇ ਸਾਰਾ ਸੰਸਾਰੀ ਲਾਣਾ ਹਉਮੈ ਭਰਮ ਭੁਲਾਣਾ ਹੈ, ਇਹੋ ਕਿ ਆਪਣੀ ਪਤਿ ਆਬਰੂ ਗੰਵਾ ਕੇ ਆਪਣੀ ਮਨੁੱਖਤਾ ਨੂੰ ਡੂਠਲਾ ਕੇ ਚਲਿਆ ਜਾਂਦਾ ਹੈ। ਦੋਇ ਹੱਥ ਝਾੜਿ ਖ਼ਾਲੀ ਹੀ ਚਲਿਆ ਜਾਦਾ ਹੈ ਅਤੇ ਲੱਖ ਚੌਰਾਸੀ ਜੂਨਾਂ ਵਿਚ ਭਉਂਦਾ ਫਿਰਦਾ ਹੈ। ਤਾਂ ਤੇ ਇਸ ਉਪਰਲੇ ਗੁਰਵਾਕ ਤੋਂ ਦ੍ਰਿੜ੍ਹ ਕਰ ਮੰਨਣ ਯੋਗ ਜੋ ਸਤ ਵਾਸਤਵਤਾਈਆਂ ਹਨ, ਉਹ ਇਹ ਹਨ, ਜੋ ਅਵੱਸ਼ ਬੰਦੇ ਦੇ ਸਿਰ ਤੇ ਖੜੀਆਂ ਹਨ ਅਤੇ ਹੋ ਕੇ ਰਹਿਣਗੀਆਂ :-

(੧) ਅਗਲੀ ਦਰਗਾਹ ਹੈ।
(੨) ਉਥੇ ਜਾਣਾ ਪਊ ਅਤੇ ਮਨੁਖਤਾ ਦਾ ਲੇਖਾ ਦੇਣਾ ਪਊ।
(੩) ਉਥੇ ਮਿਲੀ ਸਜ਼ਾ ਜ਼ਰੂਰ ਭੁਗਤਣੀ ਪਊ।
(੪) ਸਜ਼ਾ ਮਿਲੂ, ਟਲਣੀ ਨਹੀਂ।
(੫) ਹਉਮੈ ਅਤੇ ਮਨੁਖਤਾ ਦੇ ਕਾਰਨ ਬਿਨਸਦੇ ਜਗਤ ਨੂੰ ਆਵਾਗਵਨ (ਮੁੜਿ ਮੁੜਿ ਜੰਮਣ ਮਰਨ) ਵਿਚ ਪੈਣਾ ਪਊ।
(੬) ਆਵਾਗਵਨੀ (ਮੁੜਿ ਮੁੜਿ ਮਰਿ ਜਨਮਣੀ) ਅਸੂਲ, ਗੁਰਮਤਿ ਦਾ ਧਰਮ ਨਹੀਂ, ਅਸੂਲ ਹੈ। ਇਹਨਾਂ ਤੋਂ ਸਿਰ ਫੇਰਨਾ ਗੁਰਸਿਖਾ ਦਾ ਧਰਮ ਨਹੀਂ, ਮਨਮੁਖਾ ਦੀ ਮਨਮੁਖਤਾ ਹੈ।
(੭) ਇਹ ਹੁਕਮ ਤਿਨ੍ਹਾ ਦੇ ਸਿਰ ਤੇ ਖੜਾ ਹੈ ਜੋ ਗੁਰ-ਸ਼ਬਦ ਤੋਂ ਹੀਣੇ ਬੇਮੁਖ ਹਨ।

ਗੁਰੂ ਦੇ ਗੁਰਮੁਖਾਂ, ਸ਼ਬਦ-ਮਾਰਗੀ ਭਗਤ ਜਨਾ ਨੂੰ ਸਦਾ ਪੰਥ ਪਰਗਟਾ ਹੈ। ਪਰਗਟ ਪਾਹਾਰੇ ਉਹ ਸਹਿਜ ਸੰਵਾਰੇ ਸ਼ਿੰਗਾਰੇ ਹੋਇ ਹਰਿ ਦਰਗਾਹ ਪੈਧੇ ਜਾਂਦੇ ਹਨ। ਕੋਈ ਉਹਨਾ ਨੂੰ ਅਟਕਾਉ ਠਾਕ-ਠਹਿਰਾਉ ਹਰਿ ਦਰਗਹਿ ਅੰਦਰ ਨਹੀਂ ਪਾਇ ਸਕਦਾ। ਗੁਰਮਤਿ ਨਾਮ ਸਲਾਹੁਣ-ਹਾਰਿਆਂ ਨੂੰ ਸਦਾ ਹੀ ਦਰਗਾਹ ਅੰਦਰਿ ਸੁਰਖਰੂਈ ਹੈ। ਗੁਰਮਤਿ ਨਾਮ ਮਨਿ ਵਸਾਉਣ-ਹਾਰਿਆਂ ਦੀ ਸਦਾ ਸਦਾ ਹੀ ਨਾਮ ਵਿਖੇ ਲਿਵਤਾਰੀ ਜੁੜੀ ਰਹਿੰਦੀ ਹੈ। ਨਾਮ ਲਿਵ-ਸਮਾਧੀ ਸਮਾਧਤਿਆ ਨੂੰ "ਅਨਹਦ ਧੁਨੀ ਦਰਿ ਵਜਦੇ" ਸਾਫ਼ ਸੁਣਾਈ ਦਿੰਦੇ ਹਨ। ਤਿਨ੍ਹਾਂ ਨੂੰ ਸਚੀ ਦਰਗਾਹ ਵਿਚ ਸਗੋਂ ਸਚੀ ਸੋਭਾ ਵਡਿਆਈ ਮਿਲਦੀ ਹੈ :-

ਗੁਰਮੁਖਾ ਨੋ ਪੰਥੁ ਪਰਗਟਾ, ਦਰਿ ਠਾਕ ਨ ਕੋਈ ਪਾਇ॥
ਹਰਿ ਨਾਮੁ ਸਲਾਹਨਿ, ਨਾਮੁ ਮਨਿ, ਨਾਮਿ ਰਹਨਿ ਲਿਵ ਲਾਇ॥
ਅਨਹਦ ਧੁਨੀ ਦਰਿ ਵਜਦੇ, ਦਰਿ ਸਚੈ ਸੋਭਾ ਪਾਇ॥੩॥
(ਸਿਰੀ ਰਾਗੁ ਮ: ੪, ਪੰਨਾ ੪੨)

ਕੇਵਲ ਸਤਿਗੁਰੂ ਦੇ ਸੇਵਕਾ ਸਿਖਾ ਨੂੰ ਹੀ ਅਗੇ ਹਰਿ ਦਰਗਾਹ ਵਿਚ ਥਾਉਂ ਮਿਲਦਾ ਹੈ। ਯਥਾ ਗੁਰਵਾਕ :-

"ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ॥"
(ਸਿਰੀ ਰਾਗੁ ਮ: ੫, ਪੰਨਾ ੪੩)

ਸਤਿਗੁਰ ਤਿਨ੍ਹਾਂ ਨੇ ਹੀ ਸੇਵਿਆ ਹੈ, ਜੋ ਸਤਿਗੁਰ ਦੀ ਸੱਚੀ, ਸਚਿ ਦ੍ਰਿੜ੍ਹਾਈ ਦੀਖਿਆ ਲੈ ਕੇ ਸੱਚ ਸ਼ਬਦ ਦੇ ਸੇਵਨ ਸਿਮਰਨ-ਹਾਰੇ ਹੋਏ ਹਨ। ਤਿਨ੍ਹਾ ਨੂੰ ਅਗਲੇ ਪ੍ਰਮਾਰਥੀ ਲੋਕ ਵਿਖੇ, ਸੱਚੇ ਦੀ ਸੱਚੀ ਦਰਗਾਹ ਵਿਖੇ ਸੱਚਾ ਸੁਖ-ਅਸਥਾਨੀ ਥਾਉਂ ਮਿਲਦਾ ਹੈ। ਐਸੇ ਭਗਤ ਜਨਾ ਨੂੰ ਵਾਹਿਗੁਰੂ ਆਪਣੀ ਖ਼ਾਸ ਕਿਰਪਾ ਧਾਰ ਕੇ ਸੁਰੱਖਤ ਰਖਦਾ ਹੈ ਅਤੇ ਤਿਨ੍ਹਾ ਦੇ ਹਲਤ (ਇਸ ਲੋਕ) ਵਿਖੇ ਭੀ ਤੇ ਪਲਤ (ਅਗਲੇ ਲੋਕ) ਵਿਖੇ ਭੀ ਮੁਖ ਉਜਲੇ ਰਖਦਾ ਹੈ। ਹਲਤ ਪਲਤ ਮੁਖ ਉਜਲੇ ਤਿਨ੍ਹਾਂ ਦੇ ਤਾਂ ਰਹਿੰਦੇ ਹਨ, ਕਿਉਂਜੁ ਉਹ ਸਾਰੀ ਉਮਰ ਖਿਨ

ਖਿਨ ਸਚੀ ਸਿਫਤ ਸਲਾਹ ਰੂਪੀ ਸਿਮਰਨ-ਕਮਾਈ ਵਾਲੀ ਕਾਰ ਹੀ ਕਮਾਉਂਦੇ ਰਹਿੰਦੇ ਹਨ ਅਤੇ ਸੱਚੇ ਦੇ ਗੁਣ (ਗੁਰਬਾਣੀ ਗਾਵਣ ਰੂਪੀ) ਸਾਰਾਉਂਦੇ ਸਿਫਤਾਉਂਦੇ ਰਹਿੰਦੇ ਹਨ। ਯਥਾ ਗੁਰਵਾਕ :-

ਭਗਤ ਜਨਾ ਕਉ ਰਾਖਦਾ, ਆਪਣੀ ਕਿਰਪਾ ਧਾਰਿ॥
ਹਲਤਿ ਪਲਤਿ ਮੁਖ ਊਜਲੇ, ਸਾਚੇ ਕੇ ਗੁਣ ਸਾਰਿ॥
(ਸਿਰੀ ਰਾਗੁ- ਮ: ੫, ਪੰਨਾ ੪੯)

ਗੁਰਮੁਖ ਭਗਤ ਸੰਤ ਜਨਾਂ ਗੁਰ-ਭਾਈਆ ਨੂੰ ਪ੍ਰਸਪਰ ਮਿਲ ਕੇ ਸਦਾ ਨਾਮ ਸੰਮਾਲਣ ਦਾ ਇਉਂ ਹੁਕਮ ਹੈ ਯਥਾ ਗੁਰਵਾਕ :-

ਸੰਤ ਜਨਹੁ ਮਿਲਿ ਭਾਈਹੋ, ਸਚਾ ਨਾਮੁ ਸਮਾਲਿ॥
ਤੋਸਾ ਬੰਧਹੁ ਜੀਅ ਕਾ, ਐਥੈ ਓਥੈ ਨਾਲਿ॥
(ਸਿਰੀ ਰਾਗੁ ਮਹਲਾ ੫, ਪੰਨਾ ੪੯)

ਇਸ ਗੁਰਵਾਕ ਤੋਂ ਇਹ ਸਚਿਆਈ ਭੀ ਚੀਨੀ ਗਈ ਹੈ ਕਿ ਸੱਚਾ ਨਾਮ ਹੀ ਸੱਚਾ ਤੋਸਾ ਹੈ, ਜੋ ਐਥੇ (ਇਸ ਲੋਕ ਵਿਖੇ) ਉਥੇ (ਉਸ ਅਗਲੇ ਲੋਕ ਵਿਖੇ) ਨਾਲਿ ਨਿਭਣ ਵਾਲਾ ਹੈ। ਹੋਰ ਕਾਈ ਸ਼ੈ ਨਹੀਂ ਜੋ ਐਥੇ ਓਥੇ ਨਾਲਿ ਨਿਭ ਸਕੇ। ਜਿਨ੍ਹਾਂ ਗੁਰਮੁਖ ਜਨਾਂ ਨੂੰ ਸਚੜੇ ਨਾਮ ਦਾ ਅਧਾਰ ਆਇਆ ਹੈ, ਉਹਨਾਂ ਦੀਆਂ ਸਭੇ ਸਾਰੀਆਂ ਭੁਖਾਂ ਐਥੇ ਹੀ ਗਵਾਈਆਂ ਹਨ ਅਤੇ ਅਗੇ ਚਲ ਕੇ ਭੀ ਤਿਨ੍ਹਾਂ ਨੂੰ ਨਾਮ ਦਾ ਹੀ ਅਧਾਰ ਰਹਿਣਾ ਹੈ। ਨਾਲਿ ਨਿਭਣ ਵਾਲੀ ਹਲਤ-ਪਲਤੀ ਤੱਤ ਵਸਤੂ ਨਾਮ ਹੀ ਹੈ। ਪਰ ਇਹ ਤੱਤ ਵਸਤੂ ਨਾਮ ਦੀ (ਗੁਰਮਤਿ ਨਾਮ ਦੀ) ਤਿਨ੍ਹਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਨੂੰ ਸਚੇ ਸਤਿਗੁਰੂ ਦੀ ਸੱਚੀ ਪ੍ਰਾਪਤੀ ਹੈ। ਗੁਰੂ ਨਾਨਕ ਦਾ ਦਰ ਘਰ ਹੀ ਸੱਚਾ ਸਤਿਗੁਰੂ-ਦੁਆਰਾ ਹੈ। ਹੋਰ ਰਾਧਾ ਸੁਆਮੀ ਆਦਿ ਮਤ ਕੂੜਾਵੇ ਪਰੰਪਚ-ਪਸਾਰੇ ਹੀ ਹਨ, ਜੋ ਆਪੇ ਗੁਰੂ ਬਣਿ ਬਣਿ ਬਹਿੰਦੇ ਹਨ ਤੇ ਫੋਕੀਆਂ ਡੀਂਗਾਂ ਗੁਰੂ ਬਣਨ ਦੀਆਂ ਮਾਰਦੇ ਹਨ। ਇਹ ਸੰਸਾਰ ਵਿਚ ਆਏ ਸੋਈ ਜਨ ਹੀ ਪਰਵਾਨ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦਰੋਂ ਘਰੋਂ ਦਰਸਾਈ ਸੱਤਤਾ ਵਾਲਾ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੁਭਾਇ ਹੀ ਮਿਲਿਆ ਹੈ, ਤਿਨ੍ਹਾਂ ਨੂੰ ਗੁਰਦੁਆਰਿਓਂ ਸਚੜਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਦੀ ਕਮਾਈ ਕਰਿ ਕਰਿ ਉਹ ਨਾਮ-ਰੰਗਾਂ ਵਿਚ ਰੱਤੇ ਜਾਂਦੇ ਹਨ। ਨਾਮ-ਰੰਗਿ-ਰੱਤਿਆਂ, ਸਚੇ ਸੇਤੀ ਰਤਿਆਂ ਨੂੰ ਹੀ ਹਰਿ ਦਰਗਾਹੇ ਬੈਸਣ ਲਈ ਸੱਚੀ ਜਾਇ ਥਾਇ ਮਿਲਦੀ ਹੈ। ਯਥਾ ਗੁਰਵਾਕ :-

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ॥
ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ॥
(ਸਿਰੀ ਰਾਗੁ ਮ: ੫, ਪੰਨਾ ੫੨)

ਬਸ ਹਲਤ ਪਲਤ ਵਿਖੇ, ਐਥੇ ਭੀ ਓਥੈ ਭੀ, ਇਸ ਲੋਕ ਵਿਖੇ ਭੀ ਅਤੇ ਪਰਲੋਕ (ਅਗਲੇ ਲੋਕ) ਵਿਖੇ ਭੀ ਸਚੇ ਨਾਮ ਦੁਆਰਾ ਹੀ ਛੁਟਕਾਰਾ ਹੈ। ਸਿਖਾਂ, ਭਾਈਆਂ, ਸੰਤਾਂ ਜਨਾਂ ਨੇ ਇਸ ਗੁਰਮਤਿ ਸਚੀ ਮਤੜੀ ਨੂੰ ਸੱਤ ਕਰ ਮੰਨਿਆ ਹੈ। ਗੁਰਮਤਿ ਨਾਮ ਹੀ ਗੁਰਸਿਖਾਂ ਲਈ ਸੱਚਾ ਤੀਰਥ ਹੈ ਅਤੇ ਗੁਰਮਤਿ ਨਾਮ ਸਲਾਹੁਣਾ ਹੀ ਗੁਰਸਿਖਾ ਸੰਤਾਂ ਲਈ ਗੁਰ-ਚਰਨਾਂ ਦੀ ਸ੍ਰੇਵਣਾ ਹੈ ਯਥਾ ਗੁਰਵਾਕ :-

ਸੰਤੁ ਜਨਹੁ ਸੁਣਿ ਭਾਈਹੋ, ਛੂਟਨੁ ਸਾਚੈ ਨਾਇ॥
ਗੁਰ ਕੇ ਚਰਣ ਸਰੇਵਣੇ, ਤੀਰਥ ਹਰਿ ਕਾ ਨਾਉ॥
ਆਗੈ ਦਰਗਹਿ ਮੰਨੀਅਹਿ, ਮਿਲੈ ਨਿਥਾਵੇ ਥਾਉ॥੧॥
(ਸਿਰੀ ਰਾਗੁ ਮਹਲਾ ੫, ਪੰਨਾ ੫੨)

ਇਸ ਗੁਰਵਾਕ ਦੁਆਰਾ ਸਪੱਸ਼ਟ ਨਿਰਣੈ ਹੋਇਆ ਕਿ ਸੱਚ ਨਾਇ ਨਿਸਤਾਰਿਆਂ ਨੂੰ ਹੀ (ਜਿਨ੍ਹਾਂ ਦਾ ਨਾਮ ਦੁਆਰਾ ਨਿਸਤਾਰਾ ਹੋਇਆ ਹੈ) ਸੱਚੀ ਦਰਗਾਹ ਅੰਦਰਿ ਢੋਈ ਮਿਲਦੀ ਹੈ। ਸੋਈ ਸੱਚੀ ਦਰਗਾਹ ਅੰਦਰਿ ਮੰਨੇ-ਪਰਮੰਨੇ ਜਾਂਦੇ ਹਨ। ਜਿਨ੍ਹਾਂ ਨਿਮਾਣਿਆ ਨਿਤਾਣਿਆਂ ਨਿਥਾਵਿਆਂ ਨੂੰ ਕਿਤੇ ਭੀ ਢੋਈ ਨਹੀਂ ਮਿਲਦੀ ਤਿਨ੍ਹਾਂ ਨੂੰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਤੁਫ਼ੈਲ ਅਗਲੀ ਸੱਚੀ ਦਰਗਾਹ ਵਿਚ ਸੱਚਾ ਸੁਖਾਉ ਮਿਲੇਗਾ। ਜ਼ਰੂਰ ਮਿਲੇਗਾ। ਇਹ ਸਤਿਗੁਰੂ ਪਦ ਪਰਤੀਤਿਆ ਸਚ ਮੁਚ ਉਚਾਰਿਆ ਮਹਾਂਵਾਕ ਹੈ। ਜੋ ਸਾਰਾ ਸਚ ਹੈ ਅਤੇ ਸਦਾ ਸਚ ਹੀ ਵਰਤਦਾ ਹੈ। 'ਆਗੈ' ਅਤੇ 'ਦਰਗਹਿ' ਨਾਉਂ ਦੇ ਕਈ ਅੱਖਰ ਇਕੱਠੇ ਆਉਣ ਅਰਿ ''ਆਗੈ ਦਰਗਹਿ'' ਇਸ ਬਿਧ ਆਉਣ ਕਰਿ ਮਾਨੋ ਇਸ ਗੁਰਮਤਿ ਤੱਤ ਨਿਸਚੇ ਦੀ ਹੀ ਪ੍ਰੋੜਤਾ ਦਿਵਾਈ ਗਈ ਹੈ ਕਿ ਸੱਚੀ ਦਰਗਾਹ ਅਗਲੇ ਲੋਕ (ਪਰਲੋਕ) ਵਿਚ ਹੈ। ਇਸ ਪਰਲੋਕ ਦੀ ਦਰਗਾਹ ਬਿਨਾ ਹੋਰ ਕੋਈ ਸੱਚੀ ਦਰਗਾਹ ਨਹੀਂ। ਇਸ ਲੋਕ ਵਿਖੇ ਜੋ ਦਰਗਾਹਾਂ ਹਨ ਸੋ ਸਭ ਝੂਠੀਆਂ ਦਰਗਾਹਾਂ ਹਨ। ਇਸ ਗੁਰਵਾਕ ਦੇ ਸਚੇ ਚਾਨਣ ਤਲੇ ਉਹ ਲੋਕ ਕਿਤਨੇ ਝੂਠੇ ਤੇ ਬਕਵਾਸੀ ਤੇ ਕਮਲੇ ਹਨ ਜੋ ਮਨ-ਮਤਸਰੀ ਹੋ ਕੇ ਇਹ ਕਹੀ ਜਾਂਦੇ ਹਨ ਕਿ ਜੋ ਕੁਝ ਹੈ ਸੋ ਇਥੇ ਹੀ ਹੈ, ਏਸੇ ਦੁਨੀਆਂ ਅੰਦਰ ਹੀ ਹੈ। ਅਗੇ ਨਾ ਕੋਈ ਨਿਆਉਂ ਨਿਬੇੜਾ ਹੈ ਨਾ ਦੂਤ-ਦੁਤੇੜਾ ਹੈ ਪਰ ਉਹਨਾਂ ਨੂੰ ਪਤਾ ਲਗੂ ਅਗੇ ਚੱਲ ਕੇ, ਤਿਨ੍ਹਾਂ ਨਾਲ ਕੀ ਵਰਤੇਗੀ। ਉਹ ਕੁਝ ਵਰਤਣ ਵਰਤੇਗੀ ਜੈਸਾ ਕਿ ਅਗਲੇ ਰੇ ਗੁਰਵਾਕ ਦਾ ਭਾਵ ਹੈ। ਜ਼ਰੂਰ ਵਰਤੇਗੀ, ਸਤਿ ਕਰਿ ਜਾਨਣਾ।

ਸਤਿਗੁਰੁ ਜਿਨੀ ਨ ਸੇਵਿਓ, ਸੇ ਕਿਤੁ ਆਏ ਸੰਸਾਰਿ॥
ਜਮ ਦਰਿ ਬਧੇ ਮਾਰੀਅਹਿ, ਕੂਕ ਨ ਸੁਣੈ ਪੂਕਾਰ॥
ਬਿਰਥਾ ਜਨਮੁ ਗਵਾਇਆ, ਮਰਿ ਜੰਮਹਿ ਵਾਰੋ ਵਾਰ॥੫॥
(ਸਿਰੀ ਰਾਗੁ ਮ: ੩, ਪੰਨਾ ੬੯)

ਇਸ ਗੁਰਵਾਕ ਅੰਦਰ ਇਹ ਸਚਾਈਆ ਦਰਸਾਈਆਂ


www.AKJ.Org

ਗਈਆਂ ਹਨ- (੧) ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸੱਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਹੋਇ ਕੈ, ਸਤਿਗੁਰੂ ਦੀ ਸਚੀ ਸਿਮਰਨ ਰੂਪੀ ਸੇਵਾ ਭਗਤਿ ਕਮਾਈ ਨਹੀਂ ਕੀਤੀ ਤਿਨ੍ਹਾਂ ਦਾ ਸੰਸਾਰ ਤੇ ਆਉਣਾ ਤੇ ਮਨੁਖਾ ਜੂਨ ਪਾਉਣਾ ਹੀ ਬਿਰਥਾ ਗਿਆ। ਤਿਨ੍ਹਾਂ ਨੇ ਮਨੁੱਖਾ ਜਨਮ ਬਿਰਥਾ ਗੰਵਾਇਆ। (੨) ਤਿਨ੍ਹਾਂ ਨੂੰ ਬਾਰੰਬਾਰ ਆਵਾਗਉਣ (ਜੰਮਣ ਮਰਨ, ਮਰਨ ਜੰਮਣ) ਵਿਚ ਪੈਣਾ ਪਊ।

(੩) ਤਿਨ੍ਹਾਂ ਨੂੰ ਹਰਿ ਦਰਗਹਿ ਢੋਈ ਨਹੀਂ ਮਿਲਣੀ

(੪) ਤਿਨ੍ਹਾਂ ਨੂੰ ਜਮਦਰਿ ਅੰਦਰ ਖੁਆਰ ਹੋਣਾ ਪਏਗਾ। ਉਹਨਾਂ ਨੂੰ ਬੰਨ੍ਹ ਕੇ(ਉਹਨਾਂ ਦੀਆ ਮੁਸ਼ਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ,ਜਿਥੇ ਉਹਨਾਂ ਨੂੰ ਐਸੀ ਮਾਰ ਪਵੇਗੀ ਕਿ ਉਹ ਹਾਇ ਤੋਬਾ ਦੀ ਕੂਕ-ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ । ਜਮ ਦੁਆਰ ਵਿਖੇ ਮੁਧਕਰਾਂ ਦੀ ਮਾਰ ਪੈਂਦੀ, ਇਸ ਲੋਕ ਵਿਖੇ ਵਸਦੇ ਦਿੱਬ ਦ੍ਰਿਸ਼ਟੇ ਸੰਤ ਜਨਾਂ ਨੇ ਦੇਖੀ ਹੈ।

ਜੀਵਨ-ਮੁਕਤ ਗੁਰੂ- ਘਰ ਦੇ ਅਨਿੰਨ ਸਿਖ ਸੰਤ ਜਨ ਗੁਰਪੁਰ ਨਿਵਾਸੀ ਸੰਤ ਸ਼ਾਮ ਸਿੰਘ ਜੀ ਨੇ ਆਪਣੀ ਲਿਵ ਸਮਾਧੀ ਅੰਦਰ ਪਰਤੱਖ ਦੇਖੇ ਨਜ਼ਾਰੇ ਦਾ ਬਿਰਤਾਂਤ ਨਿਜ ਲੇਖਣੀ ਤੋਂ ਲਿਖ ਕੇ ਵਰਨਣ ਕੀਤਾ ਹੈ, ਜਿਸ ਵਿਚ ਊਠਾਂ ਉਤੇ ਨਰੜ ਕੇ ਲੱਦੇ ਹੋਏ ਕਤਾਰਾਂ ਅਜਿਹੇ ਅਭਾਗਿਆਂ ਦੀਆਂ ਦੇਖੀਆਂ ਹਨ ਜਿਨ੍ਹਾਂ ਦੀ ਮੁਧਕਾਰਾਂ ਦੁਆਰਾ ਜਮਾਂ ਦੀ ਮਾਰ ਦੇਖੀ ਹੈ ਅਤੇ ਉਹ ਬਿਲਲਾਉਂਦੇ ਤੇ ਕੂਕਦੇ ਕੁਰਲਾਉਂਦੇ ਸੁਣੇ ਹਨ। ਤ੍ਰਾਸਮਾਨ ਹੋ ਕੇ ਸੰਤ ਜੀ ਮਹਾਰਾਜ ਨੇ ਜਦੋਂ ਦੇਵਗਣਾਂ ਤੋਂ ਪੁਛਿਆ ਕਿ ਇਹ ਕਉਣ ਲੋਕ ਹਨ ਜਿਨ੍ਹਾਂ ਤੇ ਅਜਿਹੀ ਮਾਰ ਪੈਂਦੀ ਹੈ ਤਾਂ ਉਹਨਾਂ ਨੂੰ ਦਸਿਆ ਕਿ ਇਹ ਉਹ ਨਿਗੁਰੇ ਨਿਗੋਸਾਏ ਪਰਪੰਚੀ ਪਖੰਡੀ ਲੋਗ ਹਨ ਜਿਨ੍ਹਾਂ ਨੇ ਮਾਤ ਲੋਕ ਵਿਖੇ ਜਾਇ ਕੇ ਆਪਣੇ ਆਪ ਨਾਮ ਸੰਗ ਮੁਰੀਦਾਂ ਚੇਲਿਆਂ ਨੂੰ ਕੁਮਾਰਗੇ ਪਾਇਆ । ਸਿਵਾਏ ਆਪਣੇ ਪੈਰ ਪੁਜਾਂਉਣ ਤੋਂ ਅਤੇ ਚੇਲਿਆਂ ਦੀ ਉਨ ਲਾਹੁਣ ਤੋਂ ਹੋਰ ਕੋਈ ਕਰਮ ਨਹੀ ਕਰਵਾਇਆ। ਨਾ ਨਾਮ ਜਪਿਆ ਨਾ ਜਪਾਇਆ । ਨਾਮ ਹੀਣ ਨਕਟ-ਪੰਥੀ ਮੀਣਿਆਂ ਦੀ ਇਹ ਦਸ਼ਾ ਦੇਖ ਕੇ ਸਿਰੀ ਸੰਤ ਜੀ ਮਹਾਰਾਜ ਦੇਖ ਕੇ ਬੜੇ ਹੀ ਭੈਮਾਨ ਹੋਏ। ਏਹ ਦ੍ਰਿਸ਼ਟਾਂਤ ਆਪਣੀ ਅੱਖੀਂ ਦੇਖ ਕੇ ਉਹਨਾਂ ਨੇ ਅਗੇ ਨੂੰ ਪ੍ਰਣ ਕਰ ਲਿਆ ਤੇ ਕਿਸੇ ਨੂੰ ਆਪਣੇ ਚਰਨਾਂ ਨੂੰ ਛੁਹਣ ਤੱਕ ਨਹੀਂ ਦਿਤਾ।

ਅਸੀਂ ਇਹ ਬਿਰਤਾਂਤ ਸੁਣਾਏ ਕੇ ਅਤੇ ਹੋਰ ਨਿਜ-ਬੀਤੀਆ ਨਿਜ ਲੋਇਣੀ ਦ੍ਰਿਸਟੀਆ ਸ਼ਾਹਦੀਆਂ ਦੇ ਦੇ ਕਈ ਇਕ ਭੁਲਣ ਪਰਪੰਚੀਆ ਨੂੰ ਆਪਣੇ ਆਪ ਤਾਈਂ ਗੁਰੂ ਸਦਾਉਣੋਂ ਵਰਜਿਆ। ਪਰ ਜਿਨ੍ਹਾਂ ਨੂੰ ਫਿਟਕਾਂ ਵਗੀਆਂ ਹੋਈਆਂ ਹਨ ਉਹ ਕਾਹਨੂੰ ਹਟਾਏ ਹਟਦੇ ਹਨ, ਉਹਨਾਂ ਦੇ ਭਾਗ ਧੁਰ ਮੰਦੇ। ਪਸਰਿਆ ਹੋਇਆ ਪਰਪੰਚ ਉਹਨਾਂ ਦੀ ਅੱਖ ਸਚਾਈ ਵਲੋਂ ਉਘੜਨ ਨਹੀਂ ਦਿੰਦਾ । ਜਿਹੜੇ ਲੋਗ ਏਹਨਾਂ ਗੱਲਾਂ ਨੂੰ ਨਹੀਂ ਮੰਨਦੇ ਉਹਨਾਂ ਦਾ ਆਮ ਇਤਜਾਰ ਇਹ ਹੁੰਦਾ ਹੈ ਕਿ ਪੰਜ- ਭੂਤਕ ਸਰੀਰ ਇਥੇ ਹੀ ਰਹਿ ਜਾਂਦਾ ਹੈ। ਅਗੇ ਜਾ ਕੇ ਮਾਰ ਕਿਸ ਨੂੰ ਪੈਂਦੀ ਹੈ ? ਏਹ ਸਭ ਗੱਪਾਂ ਹਨ, ਇਉਂ ਕਹਿ ਕੇ ਚਿਤ ਪਰਚਾਉਂਦੇ ਹਨ। ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁਟ ਇਕ ਹੋਰ ਸੂਖਮ ਸਰੀਰ ਭੀ ਹੈਂ ਜੋ ਇਹ ਸਰੀਰ (ਅਸਥੂਲ) ਛਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ। ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ ਆਤਮਾ ਤੋਂ ਵਿਛੜਿਆ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ। ਉਸ ਨੂੰ ਚਾਹੇ ਚੀਰੋ ਫਾੜੋ ਅਗਨੀ ਵਿਚ ਦਾਹ ਕਰੋ। ਤਾਂ ਤੇ ਇਹ ਸਿਧ ਹੋਇਆ ਕਿ ਜੀਵਦਿਆਂ ਮੋਇਆਂ ਦੁਖ ਸੁਖ ਮੰਨਣ-ਹਾਰਾਸਰੀਰ ਹੋਰ ਹੈ, ਇਹ ਅਸਥੂਲੀ ਪਰਕ੍ਰਿਤ ਵਾਲਾ ਸਰੀਰ ਨਹੀਂ। ਮਰਨ ਸਾਰ ਸਰੀਰ ਵਿਚੋਂ ਨਿਰੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ। ਤੇ ਉਹ ਜਨਮ-ਜਮਾਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਉਹੀ ਜਮ-ਦਰ ਬੱਧੀ ਚੋਟਾਂ ਖਾਂਦੀ ਹੈ। ਪਰਤਿਆ ਕੇ ਜਿਨ੍ਹਾਂ ਨੇ ਦੇਖਣਾ ਹੋਵੇ ਤਾਂ ਦਿਬ ਦਿਸਟੇ, ਸੂਖਮ ਸ੍ਰਿਸ਼ਟੇ ਹੋ ਕੇ ਦੇਖ ਲੈਣ। ਪਰ ਅਨਿੰਨ ਸਿਖਾਂ ਨੂੰ ਏਹਨਾਂ ਖਲਜਗਣਾਂ ਵਿਖੇ ਮਿਥ ਕੇ ਪੈਣ ਦੀ ਕੀ ਲੋੜ ਹੈ? ਸੁਤੇ ਸਿਧ ਕੋਈ ਚਮਤਕਾਰ ਹੋ ਜਾਏ ਤਾਂ ਹੋ ਜਾਏ ਨਹੀਂ ਤਾਂ ਏਧਰ ਚਿਤਵਨੀ ਦੇਣ ਦੀ ਰੁਚੀ ਕਰਨੀ ਹੀ ਫ਼ਜ਼ੂਲ ਹੈ। ਜਦ ਕਿ ਗੁਰਮਤਿ ਦਾ ਮਨਿਆਂ-ਪਰਮਨਿਆਂ ਅਟਲ ਅਸੂਲ ਸਾਡੇ ਸਾਹਮਣੇ ਮੌਜੂਦ ਹੈ, ਜੋ ਅਸਾਡੇ ਧੁਰੋਂ ਆਏ ਸਤਿਗੁਰਾਂ ਦੇ ਸ਼ਾਹਦੇ ਹਾਲ ਦੇਖ ਕੇ ਗੁਰਸਿਖਾਂ ਪ੍ਰਤੀ ਗੁਰਬਾਣੀ ਦੁਆਰਾ ਦਰਸਾਇਆ ਦ੍ਰਿੜਾਇਆ ਹੈ। ਸਤਿਗੁਰੂ ਫੁਰਮਾਉਂਦੇ ਹਨ ਕਿ ਗੁਰੂ ਤੇ ਬੇਮੁਖ, ਗੁਰ ਦੀਖਿਆ ਅਨ-ਆਗਿਆਕਾਰੀ ਆਕੀ ਪੁਰਸ਼, ਜਮ ਦਰ ਬਧੇ ਮਾਰੀਅਨਗੇ। ਬੱਸ ਉਸ ਫੁਰਮਾਨ ਨੂੰ ਸਤਿ ਸਤਿ ਕਰ ਕੇ ਮੰਨੋ ਕਿ ਸਚ, ਸਹੀ ਇਹੀ ਹਾਲ ਹੋਵੇ ਗਾ ਸਤਿਗੁਰ ਤੋਂ ਆਕੀ ਮਨਮੁਖੀ ਬੇਮੁਖੀਆ ਦਾ, ਜੋ ਸਤਿਗੁਰ ਨੇ ਬਾਣੀ ਅੰਦਰ ਖੋਲ੍ਹ ਕੇ ਦਸਿਆ ਹੈ। ਪਰ ਪਾਜਲ ਬੁਧੀਸ਼ਰਾਂ (ਗਧੇ ਬੁਧੀ ਵਾਲਿਆਂ) ਨੂੰ ਇਹ ਸਭ ਪਾਜ ਹੀ ਜਾਪਦੇ ਹਨ। ਉਹ ਗੁਰਸਿਖੀ ਤੋਂ ਦੂਰ ਪਰੇਡੇ ਹਨ। ਗੁਰ-ਸਿਖੀ ਦੇ ਨੇੜੇ ਨਹੀਂ ਢੁਕੇ। ਤਿਨ੍ਹਾਂ ਨੂੰ ਗੁਰੂ ਸਚੇ ਪਾਤਸ਼ਾਹ ਦੇ ਧੁਰੋਂ ਆਏ ਫੁਰਮਾਨਾਂ ਉਤੇ ਪਤੀਜ ਪ੍ਰਤੀਤ ਨਹੀਂ ਆਈ।

(ਪੁਸਤਕ "ਅਣਡਿਠੀ ਦੁਨੀਆਂ" ਵਿਚੋਂ) —



www.AKJ.Org

# ਪੰਜਵੇਂ ਪਾਤਸ਼ਾਹ ਦੇ ਪੰਜ ਮਹਾਨ ਗੁਣ

ਇਕ ਕਵੀ ਨੇ ਸੰਸਾਰ ਵਲ ਅਸਚਰਜ ਭਰੀ ਅੱਖ ਨਾਲ ਵੇਖ ਕੇ ਆਖਿਆ ਹੈ ਕਿ ਪਤਾ ਨਹੀਂ ਵਾਹਿਗੁਰੂ ਨੇ ਸੰਸਾਰ ਅੰਮ੍ਰਿਤ ਦਾ ਸਮੁੰਦਰ ਰਚਿਆ ਹੈ ਜਾਂ ਨਰਕ ਦੀ ਬੈਤਰਨੀ ਨਦੀ। ਮਾਲੂਮ ਨਹੀਂ ਇਹ ਦੁਨਿਆ ਫੁੱਲਾਂ ਦਾ ਬਾਗ ਹੈ ਜਾਂ ਭੈੜਾ ਕੰਡਿਆਲਾ ਖੇਤ ਹੈ; ਪਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਦੀਦਾਰ ਕਰ ਕੇ ਇਉਂ ਮਾਲੂਮ ਹੁੰਦਾ ਹੈ ਕਿ ਮਹਾਤਮਾ ਤੇ ਮਹਾਂ ਪੁਰਖਾਂ ਦੇ ਹੱਥ ਇਕ ਅਜਿਹੀ ਬਰਕਤ ਹੁੰਦੀ ਹੈ ਜਿਸ ਕਰਕੇ ਦੂਰੋਂ ਦੇਖਣ ਵਾਲਿਆਂ ਨੂੰ ਤਿਖੇ ਕੰਡਿਆਂ ਦੇ ਛਾਪੇ ਦਿਸਦੇ ਹਨ ਤੇ ਨੇੜੇ ਆਉਣ ਵਾਲਿਆਂ ਨੂੰ ਫੁੱਲਾਂ ਦੇ ਢੇਰ । ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜੀਵਨ ਸਚ ਮੁਚ ਇਕ ਇਹੋ ਜਿਹਾ ਰੂਹਾਨੀ ਤਮਾਸ਼ੇ ਦਾ ਜੀਵਨ ਹੈ ਕਿ ਉਨਾਂ ਦੇ ਇਸ ਕਿਸਮ ਦੇ ਅਲੌਕਿਕ ਜੀਵਨ ਵਿਚੋਂ ਬੇਅੰਤ ਸ਼ਾਨਦਾਰ ਖੂਬੀਆਂ ਤੇ ਮਹਾਂ ਉਚੇ ਗੁਣ ਦਿਸਦੇ ਹਨ, ਪਰ ਮੈਂ ਅਜ ਕੇਵਲ ਉਨ੍ਹਾਂ ਦੀਆਂ ਪੰਜ ਬਰਕਤਾਂ ਵਲ ਹੀ ਧਿਆਨ ਦਿੰਦਾ ਹਾਂ । ਉਹ ਹਨ : ਤਿਆਗ, ਸ਼ਾਤੀ, ਦ੍ਰਿੜ੍ਹਤਾ, ਗਰੀਬੀ ਅਤੇ ਜਥੇਬੰਦੀ ।

(੧)ਤਿਆਗ:- ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੰਸਾਰ ਤੋਂ ਅਲੋਪ ਹੋ ਜਾਂਦੇ ਹਨ, ਖ਼ਜਾਨੇ ਦੀ ਮਾਇਆ ਪ੍ਰਿਥਵੀ ਚੰਦ ਦੇ ਹਵਾਲੇ ਹੈ । ਤਿਆਗ-ਪੁੰਜ ਸਤਿਗੁਰੂ ਨਹੀਂ ਚਾਹੁੰਦੇ ਕਿ ਝਗੜਾ ਛੇੜ ਕੇ ਤੇ ਘਰੋਗੀ ਕਜ਼ੀਏ ਦੀ ਉਲਝਣ ਵਿਚ ਪੈ ਕੇ ਸੰਗਤਾਂ ਦੇ ਮਨ ਕਲਪਾਏ ਜਾਣ , ਇਕ ਸੁਕੇ ਘਾਹ ਦੇ ਰੱਦੀ ਤੀਲੇ ਦੀ ਤਰ੍ਹਾਂ ਉਹ ਸਭ ਕੁਝ ਪ੍ਰਿਥਵੀ ਚੰਦ ਦੇ ਹਵਾਲੇ ਕਰ ਕੇ ਬੇਪ੍ਰਵਾਹੀ ਨਾਲ ਪਰੇ ਹੋ ਜਾਂਦੇ ਹਨ। ਇਥੇ ਹੀ ਬਸ ਨਹੀਂ, ਚਕ ਰਾਮਦਾਸ (ਅੰਮ੍ਰਿਤਸਰ) ਦੀ ਚੁੰਗੀ ਤੇ ਕਰਾਏ ਦੀ ਜੋ ਕੁਲ ਆਮਦਨ ਹੈ, ਉਹ ਭੀ ਮਹਾਂ ਦੇਵ ਅਤੇ ਪ੍ਰਿਥਵੀ ਚੰਦ ਜੀ ਦੇ ਹੀ ਹਵਾਲੇ ਕੀਤੀ ਜਾਂਦੀ ਹੈ, ਤਾਂਕਿ ਮਾਇਆ ਬਦਲੇ ਭਰਾਵਾਂ ਵਿਚ ਕੋਈ ਕਲੇਸ਼ ਨ ਉਠੇ ਤੇ ਸਵਾਰਥ ਦਾ ਬੱਦਲ ਗੁਰੂ-ਘਰ ਦੇ ਪਵਿੱਤਰ ਪਰਤਾਪ ਦੇ ਸੂਰਜ ਦੇ ਸਨਮੁਖ ਨਾ ਆਵੇ। ਬਸ ਹੁਣ ਰਹਿ ਗਈ ਸਿਖ ਸੰਗਤਾਂ ਵਲੋਂ ਆਉਣ ਵਾਲੀ ਸੇਵਾ ਪੂਜਾ। ਪ੍ਰਿਥਵੀ ਚੰਦ ਆਦਿ ਨੇ ਇਹ ਮੰਨ ਲਿਆ ਕਿ ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਦਾ ਹੈ ਤੇ ਗੁਰੂ ਕਾ ਲੰਗਰ ਭੀ ਇਨ੍ਹਾਂ ਨੇ ਹੀ ਚਲਾਉਣਾ ਹੈ, ਬੇਸ਼ਕ ਭਰਾਵਾਂ ਦੇ ਤੌਰ ਪਰ ਇਹ ਡਾਢੀ ਬੇਇਨਸਾਫ਼ੀ ਸੀ ਕਿ ਆਮਦਨ ਦਾ ਇਕ ਹਿੱਸਾ ਦੇ ਕੇ ਤੇ ਪਹਿਲਾ ਸਭ ਕੁਛ ਆਪਣੇ ਕਾਬੂ ਰਖ ਕੇ ਤੇ ਲੰਗਰ ਦਾ ਸਾਰਾ ਭਾਰ ਸ੍ਰੀ ਗੁਰੂ ਮਹਾਰਾਜ ਪਰ ਪਾਇਆ ਜਾਵੇ, ਪਰ ਤਿਆਗੀ ਸਤਿਗੁਰੂ ਅਗੇ ਇਹ ਮਾਇਕ ਕੁਰਬਾਨੀ ਕੋਈ ਬਹੁਤ ਬੜੀ ਚੀਜ਼ ਨਹੀਂ ਸੀ। ਪ੍ਰਿਥਵੀ ਚੰਦ ਇਸ ਤੋਂ ਭੀ ਅਗੇ ਵਧਿਆ, ਉਸ ਨੇ ਆਪਣੇ ਏਜੰਟ ਛਡ ਕੇ ਸਧਾਰਨ ਸੰਗਤਾਂ ਨੂੰ ਧੋਖਾ ਦੇਣਾ ਅਰੰਭ ਦਿਤਾ ਕਿ ਗੁਰੂ ਅਸਲ ਵਿਚ ਪ੍ਰਿਥਵੀ ਚੰਦ ਜੀ ਹੀ ਹਨ। ਇਸ ਲਈ ਸੰਗਤਾਂ ਦੀ ਸੇਵਾ ਪੂਜਾ ਭੀ ਨਾਮ ਮਾਤ੍ਰ ਹੀ ਰਹਿ ਗਈ। ਲੰਗਰ ਵਿਚ ਰਸਦ ਥੋੜੀ ਹੈ, ਚਣਿਆਂ ਦੇ ਇਕ ਇਕ ਪ੍ਰਸ਼ਾਦੇ ਤੇ ਠੰਢੇ ਪਾਣੀ ਨਾਲ ਗੁਜ਼ਾਰਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਹੋਰ ਪਰੇਮੀ ਕੁਲ ਵਾਣ ਵਟਣ ਆਦਿ ਦੀ ਹਥੀਂ ਕ੍ਰਿਤ ਕਰ ਕੇ ਲੰਗਰ ਦੀ ਸੇਵਾ ਨਿਭਾਈ ਜਾਂਦੇ ਹਨ। ਮਾਤਾ ਭਾਨੀ ਜੀ ਦੇ ਹੋਰ ਸਿਆਣੇ ਬਜ਼ੁਰਗ ਇਸ ਕਰੜੀ ਤੇ ਤਿਖੀ ਬੇਇਨਸਾਫ਼ੀ ਨੂੰ ਦੇਖ ਕੇ ਦਿਲੋਂ ਘਾਬਰ ਰਹੇ ਹਨ, ਪਰ ਰੂਹਾਨੀ ਮੌਜ ਵਿਚ ਬੇਪਰਵਾਹ ਤੇ ਤਿਆਗੀਆਂ ਦੇ ਸ਼ਹਿਨਸ਼ਾਹ

*"ਤੈਸਾ ਸੁਵਰਨੁ ਤੈਸੀ ਉਸੁ ਮਾਟੀ॥"*

(ਸੁਖਮਨੀ ਸਾਹਿਬ ਅਸਟਪਦੀ ੯.੭)(੨੭੫)

ਦੀ ਧੁਨ ਵਿਚ ਅਨੰਦ ਹਨ। ਪਾਠਕ ਜੀ । ਪੂਰਨ ਬ੍ਰਹਮ ਗਿਆਨੀ ਕਮਲਾ ਨਹੀਂ ਹੁੰਦਾ ਕਿ ਉਹ ਮਿਟੀ ਅਤੇ ਸੋਨੇ ਦੀ ਕੀਮਤ ਵਿਚ ਫ਼ਰਕ ਨ ਸਮਝਦਾ ਹੋਵੇ। ਅਸਲ ਗੱਲ ਇਹ ਹੁੰਦੀ ਹੈ ਕਿ ਸੰਸਾਰ ਨੂੰ ਧਰਮ ਅਤੇ ਅੰਮ੍ਰਿਤ ਦਾ ਦਾਨ ਦੇਣ ਵਾਸਤੇ ਜੇ ਉਸ ਨੂੰ ਮਾਇਆ ਦੇ ਤਿਆਗ ਦੀ ਲੋੜ ਪਵੇ, ਤਦ ਉਹ ਉਸ ਨੂੰ ਐਉਂ ਪਰੇ ਸਿਟ ਦੇ ਦਾ ਹੈ, ਜਿਸ ਤਰ੍ਹਾਂ ਰੇਤੇ ਦੀ ਮੁਠ, ਕਿਉਂਕਿ ਉਹ ਨਹੀਂ ਚਾਹੁੰਦਾ ਕਿ ਰਾਜ ਭਾਗ ਤੇ ਮਾਇਆ ਦੀਆਂ ਸ਼ਖਸੀ ਲੜਾਈਆਂ ਵਿਚ ਪੈ ਕੇ ਸੰਸਾਰ ਨੂੰ ਉਸ ਅੰਮ੍ਰਿਤ-ਪਰਵਾਹ ਤੋਂ ਅਲਹਿਦਾ ਕੀਤਾ ਜਾਵੇ ਜਿਸ ਦੀਆਂ ਲਹਿਰਾਂ ਉਹ ਭਟਕੇ ਹੋਏ ਲੋਕਾਂ ਨੂੰ ਦਸਣ ਵਾਸਤੇ ਆਇਆ ਹੈ।

ਹਿੰਦੁਸਤਾਨ ਵਿਚ ਇਸ ਤਿਆਗ ਦੀ ਬਹੁਤ ਬੜੀ ਕੀਮਤ ਹੈ। ਅਜ ਤੋਂ ਹਜ਼ਾਰਾਂ ਸਾਲ ਪਹਿਲੇ ਇਸ ਤਿਆਗ ਦੀ ਸ਼ਾਨਦਾਰ ਮਿਸਾਲ ਭਗਵਾਨ ਰਾਮ ਨੇ ਕਾਇਮ ਕੀਤੀ ਸੀ। ਉਹ ਭੀ ਭਰਾ ਬਦਲੇ ਰਾਜ ਨੂੰ ਤਿਆਗ ਕੇ ਜੰਗਲ ਨੂੰ ਤੁਰ ਗਏ ਸਨ, ਪਰ ਉਹ ਤਿਆਗ ਪਿਤਾ ਦੇ ਹੁਕਮ ਬਦਲੇ ਸੀ। ਦੂਜਾ ਉਹ ਤਿਆਗ ਭਰਤ ਜਿਹੇ ਆਗਿਆਕਾਰ ਤੇ ਰਾਮ ਦੇ ਚਰਨਾਂ ਦੇ ਪਿਆਰੇ ਵੀਰ ਵਾਸਤੇ ਸੀ। ਤੀਜਾ ਤਿਆਗ ਜੰਗਲ ਨੂੰ ਤੁਰ ਜਾਣਾ ਸੀ। ਸ਼ੀਕ ਦੀ ਸ਼ਾਨ ਦਿਨ ਰਾਤ ਅੱਖਾਂ ਅਗੇ ਨਹੀਂ ਦੇਖਣੀ ਸੀ। ਪਰ ਏਧਰ ਇਹ ਤਿਆਗ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਹੀ ਇਛਿਆ ਨਾਲ ਸੀ। ਭਰਤ ਦੀ ਥਾਂ ਇਥੇ ਲਹੂ-ਪੀਣਾ ਭਾਈ ਪ੍ਰਿਥਵੀ ਚੰਦ ਸੀ ਤੇ ਇਸ ਥਾਂ ਜੰਗਲ ਨੂੰ ਨਹੀਂ ਤੁਰ ਜਾਣਾ ਸੀ, ਹਿਜਰਤ ਨਹੀ ਕਰਨੀ ਸੀ, ਸਗੋਂ ਸਾਹਮਣੇ ਮਥੇ ਰਹਿ ਕੇ ਦੁਖ ਭੁਖ ਨੂੰ ਹਰ ਵਕਤ ਝਲਣਾ ਸੀ ਤੇ ਦੁਖ ਵਿਚ ਸੁਖ ਮਨਾਉਣਾ ਸੀ


www.AKJ.Org

ਬੇਸ਼ਕ ਇਹ ਹਾਲਤ ਭਾਈ ਗੁਰਦਾਸ ਜੀ ਨੇ (ਜਿਥੇ ਤਕ ਸਿਖ ਸੰਗਤਾਂ ਦਾ ਤੁਅੱਲਕ ਸੀ) ਪੂਰਬ ਵਲੋਂ ਆਉਣ ਪਰ ਬਦਲ ਦਿਤੀ। ਗਲ ਵਿਚ ਢੋਲਕੀ ਪਾ ਕੇ ਭੁਲੀਆਂ ਸੰਗਤਾਂ ਨੂੰ ਦਸ ਦਿਤਾ ਕਿ ਚੰਦ ਨੂੰ ਛਡ ਕੇ ਟਟਿਆਣੇ ਪਿਛੇ ਨਾ ਜਾਓ, ਪਰ ਇਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕੋਈ ਹੱਥ ਨਹੀਂ ਸੀ। ਸੋ ਸਿਖਾਂ ਨੂੰ ਇਹ ਮਾਣ ਹੈ ਕਿ ਜੇਠ ਸੁਦੀ ਚੌਥ ਦਾ ਦਿਨ ਉਹ ਅਜਿਹੇ ਗੁਰੂ ਦੇ ਚਰਨਾਂ ਵਿਚ ਬੈਠ ਕੇ ਮਨਾ ਰਹੇ ਹਨ ਜੋ ਕਿ ਸਚ ਤਿਆਗ ਦਾ ਅਮਲੀ ਪੈਗ਼ੰਬਰ ਹੈ।

ਇਥੇ ਹੀ ਬਸ ਨਹੀਂ, ਸਤਿਗੁਰ ਦਾ ਪ੍ਰਤਾਪ ਦੇਖ ਕੇ ਸ਼ਹਿਨਸ਼ਾਹ ਅਕਬਰ ਇਸ ਦੇ ਦਰ ਆ ਡਿਗਦਾ ਹੈ। ਉਹ ਮਿੰਨਤ ਕਰਦਾ ਹੈ ਕਿ ਲੰਗਰ ਸਰਕਾਰੀ ਖ਼ਜ਼ਾਨੇ ਦੇ ਸਹਾਰੇ ਚਲਿਆ ਕਰੇ, ਪਰ ਹੱਸ ਕੇ ਉਤਰ ਮਿਲਦਾ ਹੈ ਕਿ ਗਰੀਬ ਸੰਗਤਾਂ ਦੇ ਸਹਾਰੇ ਇਹ ਲੰਗਰ ਅਕਾਲੀ ਬਰਕਤ ਨਾਲ ਚਲੇਗਾ। ਇਥੇ ਸ਼ਹਿਨਸ਼ਾਹ ਤੇ ਕਾਣੀ ਕੌਡੀ ਦੇਣ ਵਾਲੇ ਦਾ ਦਾਨ ਇਕੋ ਹੈਸੀਅਤ ਵਿਚ ਅੰਗੀਕਾਰ ਹੋਵੇਗਾ। ਹਾਂ ਜੇ ਕੁਛ ਉਦਾਰਤਾ ਮਨ ਵਿਚ ਆਈ ਹੈ ਤਦ ਐਤਕੀ ਦੇਸ਼ ਦੇ ਕਿਰਸਾਨ ਮੀਂਹ ਨਾ ਪੈਣ ਕਰ ਕੇ ਦੁਖੀ ਹਨ, ਇਸ ਵਾਰ ਇਨ੍ਹਾਂ ਦਾ ਮਾਲੀਆਂ ਮੁਆਫ਼ ਕਰ ਦਿਓ। ਇਸ ਤਰ੍ਹਾਂ ਸਤਿਗੁਰੂ ਜੀ ਦਾ ਜੀਵਨ ਪੜ੍ਹਦੇ ਚਲੋ ਤੇ ਤਿਆਗ ਦੀ ਇਕੋ ਲੜੀ ਆਪਣਾ ਚਮਤਕਾਰ ਦਸੀ ਚਲੇਗੀ। ਇਹ ਤਿਆਗ ਭਰਥਰੀ ਹਰੀ ਦੀ ਤਰ੍ਹਾਂ ਇਸਤ੍ਰੀ ਤੋਂ ਤੰਗ ਆ ਕੇ ਜੰਗਲ ਨੂੰ ਭਜ ਜਾਣ ਵਾਲਾ ਨਹੀਂ, ਸਗੋਂ ਸੰਸਾਰ ਦੇ ਚੱਕਰ ਵਿਚ ਰਹਿ ਕੇ ਆਪਣੀ ਅਜ਼ਾਦ ਇਛਿਆ ਦਾ ਤਿਆਗ ਹੈ। ਭਰਥਰੀ ਹਰੀ ਤਿਆਗੀ ਹੈ ਤੇ ਸੰਸਾਰ ਦੇ ਪੂਜਣ ਯੋਗ ਹੈ। ਰਾਮ ਉਸ ਤੋਂ ਬਹੁਤ ਬੜਾ ਤਿਆਗੀ ਹੈ, ਪਰ ਸ੍ਰੀ ਗੁਰੂ ਅਰਜਨ ਦੇਵ ਤਿਆਗੀਆਂ ਦਾ ਸ਼ਹਿਨਸ਼ਾਹ ਹੈ।

(੨.)ਸ਼ਾਂਤੀ :- ਸੁਲਹੀ ਖ਼ਾਂ ਨੂੰ ਪ੍ਰੇਰ ਕੇ ਪ੍ਰਿਥੀ ਚੰਦ ਚੜ੍ਹਾਈ ਕਰਾਉਂਦਾ ਹੈ। ਸਿਖ ਸੇਵਕ ਤੇ ਸੰਗਤਾਂ ਫ਼ੌਜ ਦੀ ਚੜ੍ਹਾਈ ਸੁਣ ਕੇ ਘਬਰਾਂਦੀਆਂ ਹਨ, ਪਰ ਸ਼ਾਂਤੀ-ਪੁੰਜ ਸਤਿਗੁਰੂ ਜੀ ਅਡੋਲ ਹਨ ਅਤੇ ਸਿਖ-ਸੰਗਤਾਂ ਦੀਆਂ ਤਜਵੀਜ਼ਾਂ ਸੁਣ-ਸੁਣਾ ਕੇ ਬਾਣੀ ਉਚਾਰਦੇ ਹਨ-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥

(ਆਸਾ ਮ: ੫, ਪੰਨਾ ੩੭੧)

ਸਤਿਗੁਰੂ ਪਾਤਸ਼ਾਹ ਨਿਰਵੈਰ ਦਾ ਸ਼ਾਂਤ-ਚਿਤ ਰਹਿ ਕੇ ਵਾਹਿਗੁਰੂ ਪਰਾਇਣ ਹੋਣ ਦਾ ਫਲ-ਸਰੂਪ ਇਹ ਹੋਇਆ ਕਿ-

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ,
ਸੁਲਹੀ ਹੋਇ ਮੂਆ ਨਾਪਾਕੁ॥

(ਬਿਲਾਵਲੁ ਮ: ੫ (੮੨੪)

ਇਸ ਸਬੰਧੀ ਕੁਝ ਜ਼ਿਆਦਾ ਲਿਖਣ ਦੀ ਲੋੜ ਨਹੀਂ। ਪ੍ਰਿਥਵੀ ਚੰਦ ਆਦਿ ਦਾ ਨਿੱਤ ਲਹੂ ਦੇ ਤਿਹਾਏ ਰਹਿਣਾ, ਸ੍ਰੀ ਗੁਰੂ ਅਰਜਨ ਦੇਵ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੀ ਦੀ ਜਾਨ ਲੈਣ ਦੇ ਕੁਢੰਗ ਸੋਚਦੇ ਰਹਿਣਾ, ਪਰ ਸਤਿਗੁਰੂ ਅਰਜਨ ਦੇਵ ਜੀ ਨੇ ਸ਼ਾਤ-ਚਿਤ ਰਹਿ ਕੇ ਕੋਈ ਰੋਸ ਨਾ ਮਨਾਉਣਾ। ਅੰਤ ਸ਼ਹੀਦੀ ਸਮੇਂ ਉਬਲਦੀ ਦੇਗ, ਤੱਤੀ ਲੋਹ ਦੇ ਸੜਦੇ ਰੇਤੇ ਵਿਚ ਤਲੇ ਜਾਣਾ, ਪਰ ਦੁਸ਼ਮਣਾਂ ਲਈ ਭੀ ਕੋਈ ਕਰੜੀ ਅਰਦਾਸ ਨਾ ਕਰਨੀ, ਸਗੋਂ ਮੀਆਂ ਮੀਰ ਦੇ ਗੁਸੇ ਨੂੰ ਰੋਕਣਾ, ਭਾਈ ਪਿਰਾਣੇ ਦੀ ਤਲਵਾਰ ਨੂੰ ਹੁਕਮ ਨਾਲ ਮਿਆਨ ਵਿਚ ਪੁਆ ਦੇਣਾ, ਹੱਸ ਹੱਸ ਕੇ ਵਾਹਿਗੁਰੂ ਦੇ ਗੁਣ ਗਾਉਣੇ ਤੇ ਦੋਸਤ ਦੁਸ਼ਮਣ ਸਰਬੱਤ ਦਾ ਭਲਾ ਮੰਗਦੇ ਹੋਏ ਸ਼ਹੀਦੀ ਦਾ ਪਿਆਲਾ ਪੀ ਜਾਣਾ।

'ਬ੍ਰਹਮ ਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ।'

(੨੭੨) (ਸੁਖਮਨੀ ਅਸਟਪਦੀ ੮.੧)

(੩.)ਦ੍ਰਿੜ੍ਹਤਾ :- ਕਈ ਦਿਨ ਪੁਨੀਤ ਹਡ ਕੜਕਾ ਕੇ ਤੇ ਪਵਿਤਰ ਖਲੜੀ ਉਤਰਵਾ ਕੇ ਭੀ ਸਿਖੀ ਦਾ ਝੰਡਾ ਨੀਵਾ ਕਰ ਕੇ ਬਾਦਸ਼ਾਹ ਅਤੇ ਚੰਦੂ ਦੀ ਈਨ ਨਾ ਮੰਨਣੀ ਤੇ ਇਹ ਗਾਉਣਾ-

"ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥"

(ਸਲੋਕ ਵਾਰਾਂ ਤੋਂ ਵਧੀਕ ਮ: ੧)(੧੪੧੨)

ਦ੍ਰਿੜ੍ਹਤਾ ਦਾ ਹਿਮਾਲੇ ਪਰਬਤ ਜਿਡਾ ਉਚਾ ਦ੍ਰਿਸ਼ਯ ਹੈ।

(੪.) ਗ਼ਰੀਬੀ :- ਗਰੀਬੀ ਕਹੋ ਜਾਂ ਨਿਰਮਾਣ ਸੇਵਾ ਕਹੋ, ਅਸਲ ਵਿਚ ਇਕੋ ਹੀ ਚੀਜ਼ ਹੈ। ਸਤਿਗੁਰੂ ਦੀ ਨਿਤ ਦੀ ਪਵਿਤਰ ਜ਼ਿੰਦਗੀ ਇਹੋ ਕੁਛ ਸੀ। ਸੰਗਤਾ ਵਿਚ ਪੱਖਾ ਫੇਰਦਿਆਂ, ਪਾਣੀ ਢੋਂਦਿਆਂ ਅਸੀਂ ਇਸ ਮਹਾਨ ਗੁਰੂ ਦੀ ਪ੍ਰਤੱਖ ਝਾਕੀ ਦੇਖਦੇ ਹਾਂ। ਉਹ ਪੱਖਾ ਫੇਰਨ ਵਾਲਾ ਤੇ ਪਾਣੀ ਢੋਣ ਵਾਲਾ ਸਤਿਗੁਰੂ ਕਦੇ ਕਦੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੀਆ ਅਨਭੋਲ ਸੰਗਤਾਂ ਦੇ ਚਰਨ ਵੀ ਆਪਣੇ ਸੁਚੇ ਦਾੜ੍ਹੇ ਨਾਲ ਝਾੜ ਜਾਂਦਾ ਹੈ ਪਰ ਨਾਵਾਕਫ਼ ਸਿਖਾਂ ਪਰ ਇਹ ਭੇਦ ਪਿਛੋਂ ਖੁਲ੍ਹਦਾ ਹੈ ਕਿ ਇਹ ਸੇਵਾ ਦੇ ਭੰਡਾਰੇ ਦਾ ਮਾਲਕ ਸੱਚਾ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸੀ। ਇਸ ਨੂੰ ਕਹਿੰਦੇ ਹਨ 'ਗਰੀਬੀ ਗਦਾ ਹਮਾਰੀ' ਤੇ 'ਸੇਵਕ ਕਉ ਸੇਵਾ ਬਨ ਆਈ'।

(ਬਾਕੀ ਪੰਨਾ ੨੫ ਤੇ...)



www.AKJ.Org

# ਗੁਰਮੁਖੀ ਬਾਣਾ

(ਵਲੋਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ. ਡੀ. ਲਿਟ.)

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥
ਸਦਾ ਸਮਾਲੇ ਕੋ ਨਾਹੀ ਖਾਲੀ॥
ਜੇਹੀ ਵਾਸਨਾ ਪਾਏ ਤੇਹੀ ਵਰਤੈ.
ਵਾਸੁ ਵਾਸੁ ਜਣਾਵਣਿਆ॥੫॥
ਮਨਮੁਖੁ ਰੋਗੀ ਹੈ ਸੰਸਾਰਾ॥
ਸੁਖਦਾਤਾ ਵਿਸਰਿਆ ਅਗਮ ਅਪਾਰਾ॥
ਦੁਖੀਏ ਨਿਤਿ ਫਿਰਹਿ ਬਿਲਲਾਦੇ.
ਬਿਨੁ ਗੁਰ ਸਾਂਤਿ ਨ ਪਾਵਣਿਆ॥੬॥੧੪॥੧੫॥
(ਮਾਝ ਮ: ੩)

ਹਾਂ. 'ਸੁਖਦਾਤਾ' ਤੋਂ ਖੁੰਝੇ ਹੋਏ ਵਿਲਕਦੇ ਦੁਖੀ ਜੀਵਾਂ ਲਈ ਦਾਤਾ ਜੀ ਨੇ ਆਪਣਾ ਮਹਿਰਮ ਸਤਿਗੁਰੂ ਘੱਲਿਆ ਹੈ। ਦਾਤਾ ਜੀ ਨੇ ਜੀਵਾਂ ਦੇ ਭਲੇ ਲਈ ਬਣਤਰ ਹੀ ਅਜਿਹੀ ਬਣਾਈ ਹੈ ਕਿ ਸੁਖ ਤੇ ਸ਼ਾਂਤੀ ਵਾਲਾ ਜੀਵਨ ਬਤੀਤ ਕਰਨ ਲਈ ਜੀਵ ਸਤਿਗੁਰੂ ਦਾ ਆਸਰਾ ਲੈਣ। ਸਤਿਗੁਰੂ ਜੀ ਨੇ ਏਸ ਅਟੱਲ ਰੱਬੀ ਬਣਤਰ ਨੂੰ ਸਾਫ਼ ਸ਼ਬਦਾਂ ਵਿਚ ਇਉਂ ਲਿਖ ਦਿਤਾ ਹੈ :-

ਝੜ ਝਖੜ ਓਹਾੜ. ਲਹਰੀ ਵਹਨਿ ਲਖੇਸਰੀ॥
ਸਤਿਗੁਰ ਸਉ ਆਲਾਇ. ਬੇੜੇ ਡੁਬਨਿ ਨਾਹਿ ਭਉ॥੪॥
(ਸਲੋਕ ਮ: ੧. ਵਾਰਾਂ ਤੋਂ ਵਧੀਕ)

(੨)

ਸਤਿਗੁਰੂ ਦਾ ਆਸਰਾ । ਵਾਹ ਰੀ ਅਸ਼ਰਧਾ । ਤੇ ਵਾਹ ਜੀਵਾਂ ਦੀ ਮੰਦ-ਭਾਗਤਾ । 'ਸਤਿਗੁਰੂ' ਦਾ ਨਾਮ ਸੁਣਦਿਆਂ ਹੀ ਸਾਡਾ ਚਤੁਰ ਮਨ ਆਪਣੀ ਵਿੱਦਿਆ ਦੇ ਮਾਣ ਵਿਚ ਆ ਕੇ ਉਤਾਵਲਾ ਹੋ ਕੇ ਆਖਦਾ ਹੈ. 'ਹੈਂ' । ਮੈਂ ਆਪ ਸਿਆਣਾ. ਸਭ ਕੁਝ ਸਮਝਦਾ ਹਾਂ. ਮੈਨੂੰ ਗੁਰੂ ਤੇ ਗੁਰੂ ਦੇ ਉਪਦੇਸ਼ ਦੀ ਕੀ ਲੋੜ ਹੈ ? ਮੈਂ ਆਪਣੀ ਸੁਤੰਤਰਤਾ ਗਵਾ ਕੇ ਕਿਉਂ ਗੁਰੂ ਦੇ ਬੰਧਨਾਂ ਵਿਚ ਪਵਾਂ ?

ਹੇ ਮੇਰੇ ਪੜ੍ਹੇ ਲਿਖੇ ਸਿਆਣੇ ਮਨ । ਆ ਰਤਾ ਅੰਦਰ ਝਾਤੀ ਮਾਰ। ਕੀ ਗੁਰੂ ਦੀ ਮਰਯਾਦਾ ਨੂੰ ਛੱਡ ਕੇ ਸੱਚ-ਮੁੱਚ ਤੂੰ ਅਜ਼ਾਦ ਹੋ ਸਕਦਾ ਹੈ ? ਕੀ ਫੇਰ ਤੂੰ ਆਪਣੇ ਆਪ ਨੂੰ ਸਿੱਧੇ ਰਾਹ ਉਤੇ ਤੋਰਨ ਦੇ ਸਮਰੱਥ ਰਹਿ ਸਕੇਂਗਾ? ਰਤਾ ਆਪਣੀ ਹਸਤੀ ਵਲ ਤੱਕ । ਆਪਣੇ ਨਿੱਤ ਦੇ ਕਰਮਾਂ ਵਲ ਵੇਖ । ਦਿਨ ਵਿਚ ਅਨੇਕਾਂ ਵਾਰੀ ਕਿਤੇ ਪਰ-ਧਨ ਤੇ ਪਰ-ਇਸਤ੍ਰੀ ਵਲ ਮੰਦ-ਦ੍ਰਿਸ਼ਟੀ ਨਾਲ ਤੱਕਦਾ ਹੈਂ. ਕਿਤੇ ਕ੍ਰੋਧ ਵਿਚ ਸੜਦਾ ਹੈਂ. ਕਿਤੇ ਦੂਜਿਆਂ ਦੀ ਚੰਗੀ ਸੰਸਾਰਕ ਹਾਲਤ ਨੂੰ ਵੇਖ ਕੇ ਈਰਖਾ ਕਰਦਾ ਹੈਂ. ਕਿਤੇ ਗ਼ਰੀਬਾਂ ਤੇ ਰੋਗੀਆਂ ਨੂੰ ਵੇਖ ਕੇ ਨਫ਼ਰਤ ਕਰਦਾ ਹੈਂ। ਜੇ ਕਦੇ ਹੱਥੋਂ ਕੁਝ ਦਾਨ ਕਰਦਾ ਹੈਂ ਤਾਂ ਭੀ ਮਾਣ ਵਡਿਆਈ ਦੀ ਖ਼ਾਤਰ. ਜੇ ਕਦੇ ਕਿਤੇ ਥੋੜੀ ਬਹੁਤ ਸੇਵਾ ਕਰਦਾ ਹੈਂ ਤਾਂ ਭੀ ਆਗੂਪੁਣੇ ਦੀ ਪ੍ਰਾਪਤੀ ਲਈ. ਜੇ ਕਦੇ ਬਾਣੀ ਪੜ੍ਹਦਾ ਸੁਣਦਾ ਹੈਂ ਤਾਂ ਭੀ ਵਿਖਾਵੇ ਵਾਸਤੇ। ਦਸ. ਹੇ ਮਨ । ਤੇਰੇ ਕਿਤਨੇ ਕੁ ਪਰਦੇ ਫੋਲਾਂ। ਹੋਛੀ ਵਿਦਿਆ ਦੀ ਟੇਕ ਉਤੇ ਬੈਠੇ. ਹੇ ਅੰਞਾਣ ਮਨ । ਕਦੇ ਸੋਚਿਆ ਈ ਕਿ ਤੇਰੇ ਅੰਦਰ ਇਹ ਘਾਟ ਕਿਥੋਂ ਪੈਂਦੀ ਹੈ । ਤੱਕ. ਸ਼ਰਾਬੀ ਵੱਲ. ਜਦੋਂ ਕਦੇ ਸ਼ਰਾਬ-ਖ਼ਾਨੇ ਦੇ ਕੋਲੋਂ ਦੀ ਲੰਘਦਾ ਹੈ. ਤਾਂ ਅੰਦਰ ਧੂਹ ਪੈਂਦੀ ਸੂ । ਕਿਤੇ ਧੁਰ-ਅੰਦਰ ਅਜਿਹੇ ਬੰਧਨਾਂ ਨਾਲ ਜਕੜਿਆ ਪਿਆ ਹੈ. ਜੋ ਉਸ ਨੂੰ ਸ਼ਰਾਬ ਖ਼ਾਨੇ ਤੋਂ ਅਗਾਂਹ ਲੰਘਣ ਨਹੀਂ ਦੇਂਦੇ। ਸਾਥੀ. ਸੰਬੰਧੀ ਕਈ ਵਾਰ ਸਮਝਾ ਥੱਕੇ ਹਨ. ਸ਼ਰਾਬ ਪੀਣਾ ਮਾੜਾ ਹੈ। ਉਹਨਾਂ ਪਾਸ ਬੈਠਾ ਮੰਨਦਾ ਹੈ. 'ਹਾਂ'. ਮਾੜਾ ਹੈ'. ਪਰ ਜਦੋਂ ਭੀ ਸ਼ਰਾਬਖ਼ਾਨੇ ਕੋਲ ਆਉਂਦਾ ਹੈ. ਉਸ ਦੇ ਆਪਣੇ ਅੰਦਰੋਂ ਕੋਈ ਉਸ ਨੂੰ ਬੰਨ੍ਹ ਲੈਂਦਾ ਹੈ। ਉਹ ਕੌਣ ਹੈ? ਉਹਦੀ ਆਪਣੀ ਅਖੌਤੀ 'ਅਜ਼ਾਦੀ'। ਉਹੀ 'ਅਜ਼ਾਦੀ' ਹੇ ਮਨ । ਜਿਸ ਦੀਆਂ ਤੂੰ ਸਿਫ਼ਤਾਂ ਕਰ ਰਿਹਾ ਹੈ । ਏਤਨੀ ਉਮਰ ਤਾਈਂ ਕੀਤੇ ਹੋਏ ਚੰਗੇ ਜਾਂ ਮੰਦੇ ਕਰਮਾਂ ਦੇ ਸੰਸਕਾਰ (Impressions) ਧੁਰ-ਅੰਦਰ ਮੌਜੂਦ ਹਨ। ਜਿਸ ਵੇਲੇ ਉਹੋ ਜਿਹੇ ਕਰਮ ਫੇਰ ਕਰਨ ਦਾ ਅਵਸਰ ਅੱਖਾਂ ਅੱਗੇ ਆਉਂਦਾ ਹੈ. ਤਾਂ ਉਹ ਧੁਰ-ਅੰਦਰਲੇ ਸੰਸਕਾਰ ਜਾਗ ਪੈਂਦੇ ਹਨ. ਅੰਦਰ ਖਿੱਚ ਜਿਹੀ ਪਾਉਂਦੇ ਹਨ. ਤੇ ਆਪਣੇ ਵਲੋਂ ਪੜ੍ਹੇ-ਲਿਖੇ ਸਿਆਣੇ-ਬਿਆਣੇ ਨੂੰ ਭੀ ਉਸ ਕੁਕਰਮ ਦੀ ਅਜਿਹੀ ਘੁੰਮਣ-ਘੇਰੀ ਵਿਚ ਪਾਉਂਦੇ ਹਨ. ਜਿਸ ਵਿਚੋਂ ਆਪਣੇ ਆਪ ਉਹ ਨਿਕਲ ਨਹੀਂ ਸਕਦਾ। ਮਨੁੱਖ ਦੀ ਇਹ ਨਿਤਾਣੀ ਹਾਲਤ ਵੇਖ ਕੇ ਪ੍ਰੀਤਮ-ਪਾਤਸ਼ਾਹ ਜੀ ਏਸ ਨੂੰ ਸਮਝਾਉਂਦੇ ਹਨ. ਜੁ ਭਾਈ । ਦਿਨੇ ਰਾਤ ਵਿਕਾਰਾਂ ਵਿਚ ਪੈ ਕੇ ਤੂੰ ਹੋਰ ਵਧੀਕ ਜਾਲ ਵਿਚ ਫਸ ਰਿਹਾ ਹੈਂ. ਇਸ ਵਿਚੋਂ ਆਪਣੇ ਆਪ ਕਿਵੇਂ ਨਿਕਲੇਗਾ ? ਇਹ ਕਾਮ ਕ੍ਰੋਧ ਆਦਿਕ ਭੜਕਾਉਣ ਲਈ ਅੱਗ ਦਾ ਕੰਮ ਦੇ ਰਹੇ ਹਨ. ਤੇਰੇ ਕੀਤੇ ਹੋਏ ਪਾਪ ਭੀ ਕੋਇਲਿਆਂ ਦਾ ਕੰਮ ਕਰ ਰਹੇ ਹਨ. ਦੱਸ. ਭਾਈ । ਕਿਵੇਂ ਇਸ ਅੱਗ ਵਿਚ ਸੜਨੋਂ ਬਚ ਸਕੇਂਗਾ ? ਇਹ ਨਕਸ਼ਾ ਅੱਖਾਂ ਅੱਗੇ ਲਿਆ ਕੇ ਅੰਤ ਵਿਚ ਉਸ ਦਾ ਇਲਾਜ ਭੀ ਦੱਸਦੇ ਹਨ :-

ਕਰਣੀ ਕਾਗਦੁ. ਮਨੁ ਮਸਵਾਣੀ. ਬੁਰਾ ਭਲਾ ਦੁਇ ਲੇਖ ਪਏ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ. ਤਉ ਗੁਣ ਨਾਹੀ ਅੰਤੁ ਹਰੇ॥੧॥ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥ ਜਾਲੀ ਰੈਣਿ. ਜਾਲੁ ਦਿਨੁ ਹੂਆ. ਜੇਤੀ ਘੜੀ ਫਾਹੀ



www.AKJ.Org

ਤੇਤੀ॥ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ, ਛੂਟਸਿ ਮੂੜੇ ਕਵਣ ਗੁਣੀ॥੨॥ਕਾਇਆ ਆਰਣੁ, ਮਨੁ ਵਿਚਿ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ॥ ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ, ਸੰਨੀ ਚਿੰਤ ਭਈ॥੩॥ਭਇਆ ਮਨੂਰੁ ਕੰਚਨੁ ਫਿਰਿ ਹੋਵੈ, ਜੇ ਗੁਰੁ ਮਿਲੈ ਤਿਨੇਹਾ॥ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ, ਤਉ ਨਾਨਕ ਤ੍ਰਿਸਟਸਿ ਦੇਹਾ॥੪॥

(ਮਾਰੂ ਮਹਲਾ ੧)

(੩)

ਪੱਛਮੀ ਵਿੱਦਿਆ ਦੇ ਪਰਭਾਵ ਨਾਲ ਅੱਜ ਕਲ੍ਹ ਕਈ ਪੜ੍ਹੇ-ਲਿਖੇ ਸੱਜਣਾ ਦੇ ਮਨ ਇਹ ਖ਼ਿਆਲ ਉੱਠ ਰਹੇ ਹਨ ਕਿ ਅਸੀਂ ਸਰੀਰਕ ਰਹਿਤ ਰੱਖਣ ਤੋਂ ਬਿਨਾ ਭੀ ਗੁਰੂ ਨਾਨਕ ਸਾਹਿਬ ਦੇ ਸਿੱਖ ਬਣੇ ਰਹਿ ਸਕਦੇ ਹਾਂ। ਜੇ ਸਾਡੇ ਹਿਰਦੇ ਵਿਚ ਪ੍ਰੀਤਮ-ਸਤਿਗੁਰੂ ਦੀ ਬਾਣੀ ਦਾ ਪਿਆਰ ਹੈ, ਜੇ ਸਾਡਾ ਮਨ ਨਾਨਕ ਜੀ ਦੇ ਚਰਨਾਂ ਵਿਚ ਜੁੜਿਆ ਹੋਇਆ ਹੈ, ਜੇ ਅਸੀਂ ਉਹਨਾਂ ਦੇ ਦੱਸੇ ਹੋਏ ਆਤਮਕ ਨਿਯਮਾਂ ਨੂੰ ਮੰਨਦੇ ਹਾਂ, ਤਾਂ ਅਸੀਂ ਉਹਨਾਂ ਦੇ ਸਿਖ ਹਾਂ, ਅਤੇ ਏਸ ਗੱਲ ਦੀ ਲੋੜ ਨਹੀਂ ਰਹਿ ਜਾਂਦੀ ਕਿ ਅਸੀਂ ਆਪਣੇ ਸਰੀਰ ਨੂੰ ਕਿਸੇ ਖ਼ਾਸ ਨੀਯਤ ਸ਼ਕਲ ਵਿਚ ਰੱਖੀਏ। ਧਰਮ ਦਾ ਸੰਬੰਧ ਮਨ ਨਾਲ ਹੈ, ਸਰੀਰ ਨਾਲ ਨਹੀਂ।

ਇਸ ਦਲੀਲ ਦਾ ਉੱਤਰ ਹਰੇਕ ਮਨੁੱਖ ਆਪਣੇ ਅੰਦਰ ਧਿਆਨ ਮਾਰ ਕੇ ਆਪ ਹੀ ਦੇ ਸਕਦਾ ਹੈ ਕਿ ਕਿਹੜੀ ਕਿਹੜੀ ਰਹਿਤ ਨੂੰ ਛੱਡ ਕੇ ਉਹ ਕਿਤਨਾ ਕੁ ਗੁਰੂ ਨਾਨਕ ਨੂੰ ਪਿਆਰ ਕਰਨ ਵਾਲਾ ਰਹਿ ਸਕਦਾ ਹੈ। ਕੇਸ ਆਦਿਕ ਰਹਿਤ ਬੇ-ਲੋੜਵੀ ਜਾਪਦੀ ਹੈ; ਦੂਜੇ ਸ਼ਬਦਾਂ ਵਿਚ ਇਹ ਆਖ ਲਵੋ ਕਿ ਅੱਜ ਕਲ੍ਹ ਦੇ ਸਮੇਂ ਦੇ ਅਨੁਸਾਰ ਨਹੀਂ ਢੁਕਦੀ। ਹੋਰ ਖੁਲ੍ਹੇ ਅੱਖਰਾਂ ਵਿਚ, ਇਸ ਦਾ ਭਾਵ ਸ਼ਾਇਦ ਇਹ ਹੈ ਕਿ ਅੱਜ ਕਲ੍ਹ ਦੇ ਫ਼ੈਸ਼ਨਾਂ ਦੇ ਨਾਲ ਫਬਦੀ ਨਹੀਂ; ਜਿਨ੍ਹਾਂ ਫ਼ੈਸ਼ਨਾਂ ਦਾ, ਜਿਨ੍ਹਾਂ ਸੁਖਾਂ ਦਾ ਮਨ ਅਨੰਦ ਲੈਣਾ ਚਾਹੁੰਦਾ ਹੈ, ਉਹਨਾਂ ਦੇ ਰਾਹ ਵਿਚ ਇਹ ਰਹਿਤ ਰੁਕਾਵਟ ਪਾਉਂਦੀ ਹੈ।

ਪਰ ਆਓ, ਵੇਖੀਏ ਕਿ ਸਤਿਗੁਰੂ ਦੀ ਬਾਣੀ ਭੀ ਸਾਨੂੰ ਕਿਤਨੀ ਕੁ ਪਿਆਰੀ ਹੈ, ਤੇ ਅਸੀਂ ਆਪਣੇ ਆਤਮਕ ਜੀਵਨ ਨੂੰ ਕਿਤਨਾ ਕੁ ਏਸ ਦੇ ਅਨੁਸਾਰ ਢਾਲ ਰਹੇ ਹਾਂ। ਪ੍ਰੀਤਮ ਚੌਥੇ ਪਾਤਸ਼ਾਹ ਜੀ ਸਿੱਖ ਅਖਵਾਉਣ ਵਾਲੇ ਲਈ ਅਮੋਲਕ ਰਹਿਤ ਇਉਂ ਦੱਸਦੇ ਹਨ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥(੧੧)

(ਵਾਰ ਗਉੜੀ, ਮ: ੪)

ਜਿਉਂ ਜਿਉਂ ਅਸੀ ਇਸ ਸ਼ਬਦ ਨੂੰ ਵਿਚਾਰਗੇਂ, ਤਿਉਂ ਤਿਉਂ ਇਹ ਗੱਲ ਸਾਫ਼ ਦਿਸ ਪਏਗੀ ਕਿ ਜਿਸ ਰਹਿਤ ਨੂੰ ਅਸੀਂ ਅੱਜ ਔਖੀ ਸਮਝ ਕੇ, ਜਾਂ ਅੱਜ ਕਲ੍ਹ ਦੇ ਫ਼ੈਸਨਾ ਤੇ ਸੰਸਾਰਕ ਸੁਖਾਂ ਦੇ ਰਾਹ ਵਿਚ ਇਕ ਰੁਕਾਵਟ ਸਮਝ ਕੇ, ਛੱਡਣਾ ਚਾਹੁੰਦੇ ਹਾਂ, ਉਸ ਨਾਲੋਂ ਇਹ ਆਤਮਕ ਰਹਿਤ ਕਈ ਹਿੱਸੇ ਵਧੀਕ ਔਖੀ ਹੈ ਤੇ ਪਰਤੱਖ ਤੌਰ ਕੇ ਸੰਸਾਰਕ ਸੁਖਾਂ ਦੇ ਰਾਹ ਵਿਚ ਰੁਕਾਵਟ ਹੈ।

ਪਰ ਏਸ ਗੱਲ ਦਾ ਇਹ ਭਾਵ ਭੀ ਨਹੀ ਹੈ ਕਿ ਸਰੀਰਕ ਰਹਿਤ ਨੇ ਆਤਮਕ ਰਹਿਤ ਦੀ ਥਾਂ ਲੈਣੀ ਹੈ; ਭਾਵ, ਨਿਰੀ ਸਰੀਰਕ ਰਹਿਤ ਰੱਖਿਆਂ ਹੀ ਮਨੁੱਖ ਸਿੱਖ ਬਣ ਸਕਦਾ ਹੈ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:-

ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ,
ਸੋਈ ਪਰਵਾਰ ਬਿਖੈ ਸ੍ਰੇਸ਼ਟ ਬਖਾਨੀਐ॥
ਬਨਜ ਬਿਉਹਾਰ ਸਾਚੋ ਸ਼ਾਹ ਸਨਮੁਖ ਜੋਈ,
ਸੋਈ ਤੋ ਬਨੌਟਾ ਨਿਹਕਪਟ ਕੈ ਮਾਨੀਐ॥
ਸੁਆਮੀ ਕਾਮ ਸਾਵਧਾਨ ਮਾਨਤ ਨਰੇਸ਼ ਆਨਿ,
ਸੋਈ ਸੁਆਮਿ-ਕਾਰਜੀ ਪ੍ਰਸਿੱਧ ਪਹਿਚਾਨੀਐ॥
ਗੁਰ-ਉਪਦੇਸ਼ ਪਰਵੇਸ਼ ਰਿਦ ਅੰਤਰਿ ਹੈ,
ਸਬਦਿ ਸੁਰਤਿ ਸੋਈ ਸਿਖੁ ਜਾਂਗ ਜਾਨੀਐ॥

(੪)

"ਸਲਾਮੁ ਜਬਾਬੁ ਦੋਵੈ ਕਰੇ, ਮੁਢਹੁ ਘੁਥਾ ਜਾਇ॥"

(ਆਸਾ ਦੀ ਵਾਰ)

ਦੁਨੀਆ ਵਿਚ ਇਹ ਇਕ ਪਰਸਿੱਧ ਨਿਯਮ ਹੈ ਕਿ ਇਕ ਮਨੁੱਖ ਆਪਣੇ ਕਿਸੇ ਲਾਭ ਦੀ ਖ਼ਾਤਰ ਕਿਸੇ ਹੋਰ ਦਾ ਤਦੋਂ ਹੀ ਹੋ ਕੇ ਰਹਿ ਸਕਦਾ ਹੈ ਜੇ ਉਹ ਉਸ ਦੇ ਹੁਕਮ ਵਿਚ ਪੂਰਨ ਤੌਰ ਤੇ, ਤੁਰੇ, ਜੇ ਉਸ ਉਤੇ ਪੂਰਾ ਇਤਬਾਰ ਰੱਖੇ। ਸਕੂਲ ਕਾਲਜ ਵਿਚੋਂ ਭੀ ਸਿੱਖਿਆ ਪ੍ਰਾਪਤ ਕਰਨ ਦਾ ਪਹਿਲਾ ਨਿਯਮ ਵਿਦਿਆਰਥੀ ਲਈ ਇਹੀ ਹੈ ਕਿ ਆਪਣੇ ਵਿੱਦਿਆ-ਦਾਤੇ ਤੇ ਯਕੀਨ ਲਿਆਵੇ। ਜੇ ਵਿਦਿਆਰਥੀ ਨੂੰ ਆਪਣੇ ਪੜ੍ਹਾਉਣ ਵਾਲੇ ਉਤੇ ਸਦਾ ਸ਼ੱਕ ਹੀ ਪੈਂਦੇ ਰਹਿਣ, ਤਾਂ ਉਸ ਪਾਸੋਂ ਉਹ ਪੂਰਾ ਲਾਭ ਨਹੀਂ ਉਠਾ ਸਕਦਾ।

ਆਤਮਕ ਵਿਦਿਆ ਦੀ ਪ੍ਰਾਪਤੀ ਵਾਸਤੇ ਏਸ ਨਿਯਮ ਦੀ ਵਧੀਕ ਲੋੜ ਪੈਂਦੀ ਹੈ, ਕਿਉਂਕਿ ਏਥੇ ਤਾਂ ਸਿੱਖਣੇ ਹੀ


www.AKJ.Org

ਉਹ ਭੇਦ ਹਨ, ਜੋ ਇਹਨਾਂ ਅੱਖਾਂ ਨਾਲ ਨਹੀਂ ਦਿੱਸਦੇ, ਜਿਨ੍ਹਾਂ ਦੀ ਖ਼ਾਤਰ ਖ਼ਾਸ ਕਮਾਈ ਕਰਨੀ ਪੈਂਦੀ ਹੈ। ਏਸ ਸੰਬੰਧੀ ਇਕ ਅੰਗਰੇਜ਼ ਕਵੀ ਟੈਨੀਸਨ ਇਉਂ ਲਿਖਦਾ ਹੈ-

Unfaith in aught is want of faith in all,
It is the little rift within the lute,
That by and by will make the music mute,
And ever widening slowly silence all .

ਭਾਵ ਕਿਸੇ ਗੱਲ ਸੰਬੰਧੀ ਰਤਾ ਮਾਤਰ ਅਸ਼ਰਧਾ ਸਹਿਜੇ ਸਹਿਜੇ ਸਾਰੀ ਗੱਲ ਤੋਂ ਹੀ ਅਸ਼ਰਧਕ ਬਣਾ ਦੇਂਦੀ ਹੈ। ਇਹ ਥੋੜਾ ਜਿਹਾ ਸ਼ੱਕ ਇਉਂ ਹੈ ਜਿਵੇਂ ਸਾਰੰਗੀ ਵਿਚ ਥੋੜਾ ਜਿਹਾ ਚੀਰ। ਉਹ ਸਹਿਜੇ ਸਹਿਜੇ ਵਧਦਾ ਜਾਂਦਾ ਹੈ, ਆਖ਼ਰ ਕਾਫ਼ੀ ਵੱਡਾ ਹੋ ਕੇ ਸਾਰੰਗੀ ਦੇ ਰਾਗ ਨੂੰ ਉੱਕਾ ਹੀ ਬੰਦ ਕਰ ਦੇਂਦਾ ਹੈ।

(੫)

ਬਾਈਬਲ ਵਿਚ ਇਕ ਸੁਆਦਲੀ ਸਾਖੀ ਆਉਂਦੀ ਹੈ। ਲਿਖਿਆ ਹੈ ਕਿ ਇਕ ਸਮੇ ਹਜ਼ਰਤ ਈਸਾ ਜੀ ਆਪਣੇ ਬਾਰ੍ਹਾਂ ਸ਼ਗਿਰਦਾ ਸਮੇਤ ਜਹਾਜ਼ ਉਤੇ ਸਵਾਰ ਸਨ। ਆਪ ਜਹਾਜ਼ ਵਿਚ ਸੌਂ ਗਏ, ਅਤੇ ਇਤਨੇ ਨੂੰ ਇਕ ਵੱਡਾ ਤੂਫ਼ਾਨ ਆ ਗਿਆ। ਸਮੁੰਦਰ ਦੇ ਪਾਣੀ ਵਿਚ ਵੱਡੀਆਂ ਵੱਡੀਆਂ ਠਾਠਾਂ ਪੈਣ ਲੱਗ ਪਈਆ। ਜਹਾਜ਼ ਡੋਲਣ ਲੱਗ ਪਿਆ। ਹਜ਼ਰਤ ਸਾਹਿਬ ਦੇ ਸਿੱਖ ਬੜੇ ਘਬਰਾਏ, ਡਰਨ ਲਗੇ ਕਿ ਕਿਤੇ ਜਹਾਜ਼ ਡੁੱਬ ਨਾ ਜਾਏ। ਹਜ਼ਰਤ ਨੂੰ ਉਹਨਾਂ ਜਗਾਇਆ, ਹਜ਼ਰਤ ਨੇ ਉੱਠ ਕੇ ਤੂਫ਼ਾਨ ਨੂੰ ਝਿੜਕਿਆ ਤੇ ਸ਼ਾਂਤੀ ਵਰਤੀ।

ਠੀਕ ਇਹੀ ਹਾਲ ਅੰਦਰ ਵਰਤ ਰਿਹਾ ਹੈ। ਪੱਛਮੀ ਵਿਦਿਆ ਦੇ ਕਾਰਨ ਸਾਡੇ ਅੰਦਰ ਚੰਚਲਤਾ ਤੇ ਚਤੁਰਤਾ ਦਾ ਤੂਫ਼ਾਨ ਆ ਗਿਆ ਹੈ, ਜਿਸ ਦੇ ਕਾਰਨ ਮਨ ਡੋਲ ਰਿਹਾ ਹੈ, ਅਸ਼ਰਧਾ ਵਧ ਰਹੀ ਹੈ। ਜੇ ਏਸ ਸਰੀਰ ਰੂਪ ਬੇੜੀ ਦੇ ਧੁਰ ਅੰਦਰ ਅਵਿੱਦਿਆ ਵਿਚ ਸੁੱਤੇ ਹੋਏ ਆਤਮਾ ਨੂੰ ਜਾਗ ਨਾ ਆਈ, ਤਾਂ ਹੋ ਸਕਦਾ ਹੈ ਕਿ ਇਹ ਬੇੜੀ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਜਾਏ। ਆਤਮਾ ਜਾਗੇ ? ਸਾਹਿਬ ਫ਼ੁਰਮਾਉਂਦੇ ਹਨ :-

ਸਾਧ ਸੰਗਿ ਮਨ ਸੋਵਤ ਜਾਗੇ॥
ਤਬ ਪ੍ਰਭ ਨਾਨਕ ਮੀਠੇ ਲਾਗੇ॥ (ਆਸਾ ਮ: ੫)

ਸਾਡੀ ਵਰਤਮਾਨ ਹੀਣੀ ਦਸ਼ਾ ਦਾ ਨਕਸ਼ਾ ਪ੍ਰੀਤਮ ਗੁਰੂ ਨਾਨਕ ਦੇਵ ਜੀ ਇਕ ਸੋਹਣੇ ਦ੍ਰਿਸ਼ਟਾਂਤ ਦੁਆਰਾ ਸਾਡੇ ਸਾਹਮਣੇ ਰੱਖਦੇ ਹਨ। ਇਕ ਸਰੋਵਰ ਹੈ, ਜਿਸ ਵਿਚ ਕਦੇ ਨਿਰਮਲ ਜਲ ਸੀ ਅਤੇ ਇਸ ਜਲ ਦਾ ਸਦਕਾ ਉਸ ਵਿਚ ਸੋਹਣੇ ਸੁਅਰਨ ਦੇ ਰੰਗ ਵਰਗੇ ਕੋਮਲ ਕਉਲ ਫੁੱਲ ਖਿੜੇ ਹੋਏ ਸਨ। ਸਰੋਵਰ ਦੇ ਮੰਦ ਭਾਗ । ਜਲ ਦੇ ਸੋਮੇ ਨਾਲੋਂ ਏਸ ਦਾ ਸੰਬੰਧ ਟੁਟ ਜਾਂਦਾ ਹੈ। ਏਸ ਟੋਟ ਕੇ ਕਾਰਨ ਸਰੋਵਰ ਸੁੱਕ ਜਾਂਦਾ ਹੈ, ਕਉਲ ਫੁਲ ਸੜ ਜਾਂਦੇ ਹਨ ਅਤੇ ਸਰੋਵਰ ਵੇਖਣ ਨੂੰ ਕਾਲਾ ਜਾਪਦਾ ਹੈ।

ਇਹ ਦ੍ਰਿਸ਼ ਅੱਖਾਂ ਅੱਗੇ ਲਿਆ ਕੇ, ਸਰੋਵਰ ਨੂੰ ਸੰਬੋਧਨ ਕਰ ਕੇ ਆਪ ਇਉਂ ਫ਼ੁਰਮਾਉਂਦੇ ਹਨ :-

ਪਬਰ, ਤੂ ਹਰੀਆਵਲਾ, ਕਵਲਾ ਕੰਚਨ-ਵੰਨਿ॥ ਕੈ ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ॥ ਜਾਣਾ, ਪਾਣੀ ਨਾ ਲਹਾ, ਜੈ ਸੇਤੀ ਮੇਰਾ ਸੰਗੁ॥

(ਸਲੋਕ ਮ: ੧, ਵਾਰਾਂ ਤੋਂ ਵਧੀਕ )

ਜ਼ਿੰਦਗੀ ਦੇ ਸੋਮੇ ਸਿਰਜਣਹਾਰ ਨਾਲੋਂ ਸਾਡੇ ਦਿਲਾਂ ਦੀ ਤਾਰ ਟੁੱਟੀ ਹੋਈ ਹੈ, ਜਿਸ ਕਰਕੇ ਸਾਡੇ ਅੰਦਰ ਮੁਰਦਿਹਾਣ ਹੈ, ਤੇ ਮੁੜ ਮੁੜ ਸਾਡਾ ਚਿੱਤ ਤਮਾਸ਼ਿਆ ਵੱਲ ਭੱਜਦਾ ਹੈ, ਜਗਤ ਦੇ ਚੰਚਲ ਫ਼ੈਸ਼ਨਾਂ ਦਾ ਆਸ਼ਕ ਹੋ ਰਿਹਾ ਹੈ ਤੇ ਉਂਞ ਵਿਦਵਤਾ ਦੇ ਅਧਾਰ ਤੇ ਆਪਣੇ ਵਲੋਂ ਸਿਆਣਾ ਬਣ ਕੇ ਆਖ ਰਿਹਾ ਹੈ ਕਿ ਸੋਹਣੇ ਸਤਿਗੁਰੂ ਦੀ ਅਗਵਾਈ ਦੀ, ਗੁਰੂ ਦੇ ਪਿਆਰੇ ਸਰੂਪ ਦੀ, ਹੁਣ ਸਾਨੂੰ ਲੋੜ ਨਹੀਂ। ਪਰ ਜਿਨ੍ਹਾਂ ਨੂੰ ਗੁਰੂ-ਚਰਨਾਂ ਦਾ ਸਦਕਾ ਜ਼ਿੰਦਗੀ ਮਿਲੀ ਹੈ, ਜਿਨ੍ਹਾਂ ਦੇ ਅੰਦਰ ਗੁਰ-ਉਪਦੇਸ਼ ਦੀ ਬਰਕਤ ਨਾਲ ਖਿੜਾਉ ਤੇ ਹੁਲਾਰਾ ਆਇਆ ਹੈ, ਉਹਨਾਂ ਨੂੰ ਤਾਂ ਪ੍ਰੀਤਮ ਦਾ ਸਰੀਰ ਭੀ ਸੋਹਣਾ ਲੱਗ ਰਿਹਾ ਹੈ। ਆਓ, ਵੇਖੋਂ, ਗੁਰੂ ਤੋਂ ਵਿਕੇ ਹੋਏ ਸਾਹਿਬ ਗੁਰੂ-ਰਾਮਦਾਸ ਜੀ ਕੀ ਆਖਦੇ ਹਨ:-

ਸੋ ਧੰਨੁ ਗੁਰੂ ਸਾਬਾਸਿ ਹੈ, ਹਰਿ ਦੇਇ ਸਨੇਹਾ॥
ਹਉ ਵੇਖਿ ਵੇਖਿ ਗੁਰੂ ਵਿਗਸਿਆ, ਗੁਰ ਸਤਿਗੁਰ ਦੇਹਾ॥੧੭॥
ਗੁਰ-ਰਸਨਾ ਅੰਮ੍ਰਿਤ ਬੋਲਦੀ, ਹਰਿ ਨਾਮਿ ਸੁਹਾਵੀ॥
ਜਿਨ ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ॥੧੮॥

(ਤਿਲੰਗ ਮਹਲਾ ੪)

(੬)

ਸਾਡੇ ਦਿਲ ਦੀ ਤਾਰ ਪ੍ਰੀਤਮ ਸਤਿਗੁਰੂ ਦੇ ਚਰਨਾਂ ਨਾਲੋਂ ਟੁੱਟ ਚੁਕੀ ਹੈ, ਸਾਡੇ ਅੰਦਰ ਗੁਰੂ ਦਾ ਪਿਆਰ ਨਹੀਂ ਹੈ, ਏਸ ਕਰਕੇ ਗੁਰੂ ਨਾਲ ਸੰਬੰਧ ਰੱਖਣ ਵਾਲੇ ਪਦਾਰਥ ਸਾਨੂੰ ਪਿਆਰੇ ਨਹੀਂ ਲੱਗਦੇ।

ਕਹਿੰਦੇ ਹਨ, ਇਕ ਵਾਰੀ ਮਜਨੂੰ ਉਸ ਮਹੱਲੇ ਕੋਲੋਂ ਦੀ ਲੰਘਿਆ ਜਿਥੇ ਲੇਲਾ ਰਹਿੰਦੀ ਸੀ। ਲੇਲਾ ਦੇ ਘਰ ਵਲੋਂ ਇਕ ਕੁੱਤਾ ਆ ਗਿਆ, ਮਜਨੂੰ ਉਸ ਕੁੱਤੇ ਨੂੰ ਦੇਖ ਕੇ ਬਿਹਬਲ ਹੋ ਗਿਆ ਤੇ ਕੁੱਤੇ ਦੀ ਪੈਰੀਂ ਡਿੱਗ ਪਿਆ। ਲੋਕ ਹੱਸਣ ਲੱਗ ਪਏ ਤੇ ਮਜਨੂੰ ਨੂੰ ਪੁੱਛਣ ਲੱਗੇ ਕਿ ਏਸ ਕੁੱਤੇ ਦੀ ਪੈਰੀਂ ਕਿਉਂ ਪੈ ਰਿਹਾ ਹੈ? ਪਰ ਲੋਕ ਵਿਚਾਰੇ ਉਹਨਾਂ ਅੱਖਾਂ ਨਾਲ ਨਹੀਂ ਸਨ ਵੇਖ ਰਹੇ, ਜਿਨ੍ਹਾਂ ਨਾਲ ਮਜਨੂੰ ਵੇਖ ਰਿਹਾ ਸੀ, ਮਜਨੂੰ ਦੀਆਂ ਅੱਖਾਂ ਵਿਚ ਲੇਲਾ ਵੱਸਦੀ ਸੀ, ਏਸ ਵਾਸਤੇ


www.AKJ.Org

ਲੈਲਾ ਦੀ ਗਲੀ ਵਿਚੋਂ ਆਇਆ ਹੋਇਆ ਕੁੱਤਾ ਮਜਨੂੰ ਨੂੰ ਕਿਵੇਂ ਪਿਆਰਾ ਨਾ ਲੱਗੇ ?

ਭਾਈ ਗੁਰਦਾਸ ਜੀ ਏਸ ਪਿਆਰ ਤੇ ਕੌਤਕ ਨੂੰ ਇਉਂ ਲਿਖਦੇ ਹਨ :-

ਲੈਲਾ ਦੀ ਦਰਗਾਹ ਦਾ ਕੁੱਤਾ ਮਜਨੂੰ ਦੇਖਿ ਲੋਭਾਣਾ॥
ਕੁੱਤੇ ਦੀ ਪੈਰੀਂ ਪਵੈ, ਹੜਿ ਹੜਿ ਹੱਸੈ ਲੋਕੁ ਵਿਡਾਣਾ॥

ਜਿਸ ਵੇਲੇ ਪੁੰਨੂੰ ਨੂੰ ਹੋਤ ਚੋਰੀ ਚੋਰੀ ਸੱਸੀ ਕੋਲੋਂ ਲੈ ਗਏ, ਤਾਂ ਸੱਸੀ ਭੀ ਦਿਨੇ ਉੱਠ ਕੇ ਆਪਣੇ ਪ੍ਰੀਤਮ ਦੀ ਭਾਲ ਵਿਚ ਇੱਕਲੀ ਹੀ ਤੁਰ ਪਈ। ਅਗੇ ਰੇਤ-ਥਲਾ ਆ ਗਿਆ, ਉਤੋਂ ਕੜਕਦੀ ਧੁੱਪ, ਸੱਸੀ ਦਾ ਕੋਮਲ ਸਰੀਰ, ਵਿਚਾਰੀ ਥਲ ਵਿਚ ਪੁੰਨੂੰ ਆਖਦੀ ਤੜਪ ਤੜਪ ਕੇ ਮਰ ਗਈ। ਕਿਤੇ ਨੇੜੇ ਹੀ ਇਕ ਅਜਾਲੀ ਬਕਰੀਆਂ ਚਾਰਦਾ ਸੀ, ਉਸ ਨੇ ਸੱਸੀ ਦੇ ਵਿਰਲਾਪ ਸੁਣੇ, ਦਿਲ ਹਿੱਲ ਗਿਆ। ਆਪਣੇ ਮਨ ਨੂੰ ਸਮਝਾਇਓ ਸੁ, ਮਨਾ । ਵੇਖ ਇਕ ਅਬਲਾ ਆਪਣੇ ਪ੍ਰੀਤਮ ਦੇ ਪਿਆਰ ਵਿਚ ਆਪਣਾ ਆਪ ਵਾਰ ਗਈ ਹੈ, ਤੂੰ ਆਪਣੇ ਮਾਲਕ ਰੱਬ ਨੂੰ ਕਿਉਂ ਵਿਸਾਰੀ ਬੈਠਾ ਹੈਂ? ਦਿਲ ਨੂੰ ਚੋਟ ਲੱਗੀ, ਉਥੇ ਹੀ ਸੱਸੀ ਦੀ ਕਬਰ ਬਣਾ ਕੇ ਫ਼ਕੀਰ ਹੋ ਕੇ ਬੈਠ ਗਿਆ।

ਓਧਰੋਂ ਪੁੰਨੂੰ ਨੂੰ ਭੀ ਭਲਾ ਕਿਵੇਂ ਚੈਨ ਆਵੇ ? ਆਪਣੇ ਭਰਾਵਾਂ ਤੋਂ ਖਹਿੜਾ ਛੁਡਾ ਕੇ ਵਾਹੋ ਦਾਹੀ ਪਿਛਾਂ ਉੱਠ ਭੱਜਾ। ਥਲ ਵਿਚ ਨਵੀਂ ਕਬਰ ਦੇਖ ਕੇ ਫ਼ਕੀਰ ਸਾਈਂ ਨੂੰ ਪੁੱਛਿਆ। ਉਸ ਉਤਰ ਦਿੱਤਾ, ਇਹ ਕੋਈ ਤੀਵੀਂ ਸੀ, ਜੋ ਪੁੰਨੂੰ ਪੁੰਨੂੰ ਆਖਦੀ ਮਰ ਗਈ। ਪੁੰਨੂੰ ਦੇ ਅੰਦਰ ਭੀ ਬਿਰਹੋਂ ਦੀ ਚੋਟ ਲੱਗੀ ਤੇ ਫ਼ਕੀਰ ਸਾਈਂ ਨੂੰ ਪੁੱਛਣ ਲੱਗਾ, ਸੁਣਾ ਸਾਈਂ ਸੱਸੀ ਦੀਆਂ ਕੁਝ ਅੰਤ ਵੇਲੇ ਦੀਆਂ ਗੱਲਾਂ। ਹਾਸ਼ਮ ਕਵੀ ਉਸ ਸਾਈਂ ਦਾ ਉੱਤਰ ਇਉਂ ਲਿਖਦਾ ਹੈ :-

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣਿ ਪੱਥਰ ਢਲਿ ਜਾਵੇ। ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਸ਼ਾਲਾ । ਉਹ ਦੋਜ਼ਕ ਵਿਚ ਜਾਵੇ। ਜਾਂ ਉਸ ਨਿਹੁ ਲਗੇ, ਵਿਚ ਬਿਰਹੋਂ, ਵਾਂਗ ਸੱਸੀ ਜਰ ਜਾਵੇ। ਹਾਮਸ਼ ਮੌਤ ਪਵੇ ਕੁਰਵਾਨਾਂ, ਤੁਖ਼ਮ ਜ਼ਮੀਨੋਂ ਜਾਵੇ॥੧॥ ਫਿਰ ਮੁੜ ਸਮਝ ਕਰੇ ਲੱਖ ਤੌਬਾ, ਮੈਥੋਂ ਬਹੁਤ ਬੇ-ਅਦਬੀ ਹੋਈ। ਜਿਸ ਪਰ ਯਾਰ ਕਰੇ ਅਸਵਾਰੀ, ਤਿਸ ਦੇ ਜੇਡ ਨ ਕੋਈ। ਕੁਝ ਮੈਂ ਵਾਂਗ ਨਿਕਰਮਣ ਨਾਹੀਂ, ਕਿਤ ਵਲ ਮਿਲੇ ਨ ਢੋਈ। ਹਾਸ਼ਮ ਕੰਡ ਮਿਲੇ ਹੁਣ ਜਿਸ ਨੂੰ, ਉਹ ਜਾਣ ਸੁਹਾਗਣ ਹੋਈ॥੨॥

ਪਿਆਰ ਦੀ ਨੈਂ ਵਿਚ ਤਾਰੀਆਂ ਲੈਂਦੀ ਸੱਸੀ ਡਾਚੀ ਨੂੰ ਭੀ ਭਾਗਾਂ ਵਾਲੀ ਸਮਝਦੀ ਹੈ। ਆਓ, ਆਪਣੇ ਅੰਦਰ ਗਹੁ ਨਾਲ ਝਾਤੀ ਮਾਰੀਏ, ਅੰਦਰ ਕੋਈ ਰੋਗ ਹੈ, ਕੋਈ ਟੋਟ ਹੈ, ਨਹੀਂ ਤਾਂ ਪ੍ਰੀਤਮ ਦੇ ਸੋਹਣੇ ਕੇਸ ਸਾਡੇ ਹਿਰਦੇ ਨੂੰ ਕਿਉਂ ਨਾ ਪਿਆਰੇ ਲੱਗਣ।

ਰੱਬ ਦੇ ਸੱਚੇ ਆਸ਼ਿਕ ਨਾਮਦੇਵ ਜੀ ਆਪਣੇ ਮਾਹੀ ਨੂੰ ਕ੍ਰਿਸ਼ਨ ਜੀ ਦੇ ਸਰੂਪ ਵਿਚ ਤੱਕ ਕੇ ਪਿਆਰ ਦੇ ਇਕ ਅਜੀਬ ਹੁਲਾਰੇ ਵਿਚ ਆਉਂਦੇ ਹਨ। ਆਪ ਕ੍ਰਿਸ਼ਨ ਜੀ ਨਾਲ ਸੰਬੰਧ ਰੱਖਣ ਵਾਲੀ ਹਰੇਕ ਸ਼ੈ ਤੋਂ ਸਦਕੇ ਸਦਕੇ ਹੋ ਰਹੇ ਹਨ। ਆਪ ਦੇ ਇਸ ਡੁਲ੍ਹਦੇ ਪਿਆਰ ਦਾ ਨਜ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਮਿਲਦਾ ਹੈ :-

ਧਨਿ ਧੰਨਿ ਓ ਰਾਮ ਬੇਨੁ ਬਾਜੈ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥੧॥ ਰਹਾਉ॥ ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥੧॥ ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥੨॥ ਧਨਿ ਧਨਿ ਬਨਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥੩॥ਬੇਨੁ ਬਜਾਵੈ ਗੋਧਨੁ ਚਰੈ॥ ਨਾਮੇ ਕਾ ਸੁਆਮੀ ਆਨਦੁ ਕਰੈ॥੪॥੧॥

(ਮਾਲੀ ਗਉੜਾ ਨਾਮਦੇਵ ਜੀ)

(੭)

ਇਕ ਰਾਹੀ ਮੁਸਾਫਰ ਸੜਕੇ ਸੜਕ ਤੁਰਿਆ ਜਾ ਰਿਹਾ ਹੈ। ਸੜਕ ਉਤੇ ਢੇਰ ਦੂਰ ਤੇ ਕੋਈ ਇਕ ਮੀਲ ਦੀ ਵਿੱਥ ਤੇ ਉਸ ਨੂੰ ਇਉਂ ਜਾਪਦਾ ਹੈ ਜਿਵੇਂ ਪੁਰਾਣੀਆਂ ਇੱਟਾਂ ਦਾ ਇਕ ਵੱਡਾ ਸਾਰਾ ਢੇਰ ਪਿਆ ਹੋਇਆ ਹੈ। ਰਤਾ ਹੋਰ ਅਗਾਂਹ ਜਾ ਕੇ ਉਸ ਢੇਰ ਵੱਲ ਤੱਕ ਕੇ ਰਾਹੀਂ ਦਾ ਪਹਿਲਾ ਖ਼ਿਆਲ ਬਦਲ ਜਾਂਦਾ ਹੈ ਤੇ ਉਸ ਨੂੰ ਇਉਂ ਮਲੂਮ ਹੁੰਦਾ ਹੈ ਜਿਵੇਂ ਇਹ ਕਿਸੇ ਪੁਰਾਣੀ ਇਮਾਰਤ ਦੇ ਖੰਡਰ ਪਏ ਹਨ। ਮੁਸਾਫ਼ਰ ਹੋਰ ਅਗਾਂਹ ਜਾਂਦਾ ਹੈ, ਉਸ ਦਾ ਭੁਲੇਖਾ ਥੋੜਾ ਜਿਹਾ ਹੋਰ ਨਿਵਿਰਤ ਹੋ ਜਾਂਦਾ ਹੈ, ਇਹ ਖੰਡਰ ਨਹੀਂ ਹਨ, ਇਕ ਇਮਾਰਤ ਹੈ, ਪਰ ਜਾਪਦੀ ਬਹੁਤ ਪੁਰਾਣੀ ਤੇ ਜਰਜਰੀ ਹੈ। ਰਾਹੀ ਸਹਿਜੇ ਸਹਿਜੇ ਹੁਣ ਇਹ ਮੀਲ ਕੁ ਦਾ ਪੈਂਡਾ ਮੁਕਾ ਕੇ ਏਸ ਇਮਾਰਤ ਦੇ ਨੇੜੇ ਆ ਅੱਪੜਿਆ ਹੈ। ਉਹ ਇੱਟਾਂ ਦਾ ਢੇਰ, ਉਹ ਖੰਡਰ,ਉਹ ਜਰਜਰਾ ਮਕਾਨ-ਇਹ ਸਾਰੇ ਭੁਲੇਖੇ ਹੁਣ ਮਿਟ ਗਏ ਹਨ। ਇਮਾਰਤ ਦੇ ਦਰਵਾਜ਼ੇ ਅਗੇ ਅੱਪੜ ਕੇ ਉਸ ਦਾ ਮਨ ਬੜਾ ਪਰਸੰਨ ਹੁੰਦਾ ਹੈ। ਇਮਾਰਤ ਭਾਵੇਂ ਚਿਰ ਦੀ ਬਣੀ ਹੋਈ ਹੈ ਪਰ ਹੈ ਬੜੀ ਪੱਕੀ, ਸਾਦਾ ਤੇ ਸੁੰਦਰ। ਰਾਹੀ ਦੇ ਮਨ ਵਿਚ ਕੁਝ ਖਿੱਚ ਜਿਹੀ ਪੈਂਦੀ ਹੈ। ਮਕਾਨ ਨੂੰ ਚੰਗੀ ਤਰ੍ਹਾਂ ਵੇਖਣ ਲਈ ਦਰਵਾਜ਼ੇ ਥਾਣੀ ਅੰਦਰ ਲੰਘ ਜਾਂਦਾ ਹੈ। ਅੰਦਰ ਤਾਂ ਅਜੀਬ ਸੋਹਣੇ ਸੋਹਣੇ ਕਮਰੇ ਹਨ, ਭਾਂਤ ਭਾਂਤ ਦੇ ਤਰੀਕਿਆਂ ਨਾਲ ਸਜਾਏ ਹੋਏ ਹਨ, ਦੂਰੋਂ ਥੱਕ ਕੇ ਆਏ ਰਾਹੀ ਦੇ ਮਨ ਵਿਚ ਲਾਲਸਾ ਉਪਜਦੀ ਹੈ ਕਿ ਏਥੇ ਬੈਠ ਕੇ ਸੁਖ ਲਵਾਂ।

ਪੱਛਮੀ ਵਿਦਿਆ ਦੀ ਬਰਕਤ ਨਾਲ ਚਤਰ ਹੋਏ ਹੋਏ ਮੇਰੇ ਮਨ । ਆ, ਆਪਣੇ ਅੰਦਰ ਝਾਤੀ ਮਾਰ ।


www.AKJ.Org

ਕਿਤੇ ਤੂੰ ਭੀ ਸਿਖ ਧਰਮ ਦੀ ਇਮਾਰਤ ਨੂੰ ਦੂਰੋਂ ਦੂਰੋਂ ਹੀ ਤਾਂ ਨਹੀਂ ਤੱਕ ਰਿਹਾ ? ਸ਼ਾਇਦ ਏਸੇ ਕਾਰਨ ਤੈਨੂੰ ਇਹ ਜਰਜਰੀ ਜਾਪਦੀ ਹੋਵੇ, ਤਾਹੀਏਂ ਤੇਰਾ ਚਿੱਤ ਕਰਦਾ ਹੋਵੇ ਕਿ ਪੁਰਾਣਾ ਹੋਇਆ ਹਿੱਸਾ ਨਵੇਂ ਫ਼ੈਸ਼ਨ ਦੀ ਇਮਾਰਤ ਬਣੇ? ਪਰ ਸੱਜਣਾ ! ਦੂਰੋਂ ਨਜ਼ਰ ਧੋਖਾ ਖਾ ਜਾਂਦੀ ਹੈ। ਰਤਾ ਨੇੜੇ ਢੁਕ, ਅੰਦਰ ਲੰਘ। ਸੱਚ ਆਖ। ਰੋਜ਼ ੨੪ ਘੰਟਿਆਂ ਵਿਚੋਂ ਕਿਤਨੇ ਸਮੇਂ ਲਈਂ ਸੋਹਣੇ ਗੁਰੂ ਨਾਨਕ ਪਾਤਸ਼ਾਹ ਕਲਗੀਆਂ ਵਾਲੇ ਦੇ ਨੇੜੇ ਹੋ ਕੇ ਬੈਠਦਾ ਹੈਂ। ਜੇ ਕਈ ਦਿਨ, ਕਈ ਮਹੀਨੇ, ਕਈ ਸਾਲ ਬੀਤ ਜਾਂਦੇ ਹਨ, ਤੇ ਪ੍ਰੀਤਮ ਦੇ ਨਾ ਕਦੇ ਆਤਮਾ ਰੂਪ ਬਾਣੀ ਵਿਚ ਚੁੱਭੀ ਲਾਈ ਹੈ ਅਤੇ ਨਾ ਹੀ ਸਰੀਰਕ ਜਾਮੇ ਵਾਲਾ ਕੋਈ ਕੌਤਕ ਹੀ ਵੇਖਿਆ ਹੈ, ਤਾਂ ਦੱਸ, ਹੇ ਮਨ ! ਏਸੇ ਸਾਂਝ ਦੇ ਮਾਣ' ਤੇ ਏਸ ਇਮਾਰਤ ਨੂੰ ਪੁਰਾਣੀ ਤੇ ਜਰਜਰੀ ਆਖ ਰਿਹਾ ਹੈ ?

ਹੇ ਚਤਰ ਚਿੱਤ ਵੇਖ, ਤੇਰੇ ਵਾਂਗ ਦੂਰੋਂ ਦੂਰੋਂ ਸੁਣਨ ਤੇ ਤੱਕਣ ਵਾਲਾ ਇਕ ਮਨੁੱਖ ਕਲਗੀਆਂ ਵਾਲੇ ਦੇ ਸਰੀਰ ਤੇ ਸਰੂਪ ਨਾਲ ਵੈਰ ਧਾਰ ਕੇ ਫ਼ੌਜਾਂ ਦੇ ਕਟਕ ਚਾੜ੍ਹੀ ਅਨੰਦਪੁਰ ਨੂੰ ਆ ਰਿਹਾ ਹੈ। ਇਹ ਸਰਦਾਰ ਸੈਦ ਖ਼ਾਂ ਹੈ ਤੇ ਔਰੰਗਜ਼ੇਬ ਦੀਆ ਫ਼ੌਜਾਂ ਦਾ ਜਰਨੈਲ ਹੈ। ਪੀਰ ਬੁਧੂ ਸ਼ਾਹ ਜੀ (ਜੋ ਸੋਹਣੇ ਕਲਗੀਆ ਵਾਲੇ ਤੋਂ ਵਿਕੇ ਹੋਏ ਹਨ ਤੇ ਆਪਣੇ ਜਿਗਰ ਦੇ ਟੋਟੇ ਜੁਆਨ ਪੁੱਤਰ ਪ੍ਰੀਤਮ ਜੀ ਦੇ ਚਰਨ-ਕਮਲਾਂ ਤੋਂ ਸਦਕੇ ਕਰ ਚੁਕੇ ਹਨ) ਹਾਂ, ਪੀਰ ਜੀ ਦਾ ਇਹ ਸਾਲਾ ਹੈ । ਏਸ ਨੂੰ ਕਈ ਵਾਰੀ ਹੈਰਾਨੀ ਆਉਂਦੀ ਹੈ ਕਿ ਪੀਰ ਜੀ ਉੱਚੀ ਅਵਸਥਾ ਦੇ ਮਾਲਕ ਹੁੰਦੇ ਹੋਏ ਤੇ ਏਤਨੇ, ਮੁਰੀਦਾਂ ਦੇ ਹੁੰਦਿਆਂ ਕਿਵੇਂ ਹਿੰਦੂਆਂ ਦੇ ਗੁਰੂ ਤੋਂ ਸਦਕੇ ਹੋਏ ਹੋਏ ਹਨ, ਪਰ ਵਿਚਾਰੇ ਦੀ ਸਮਝ ਵਿਚ ਕੁਝ ਨਹੀਂ ਆਉਂਦਾ। ਪੀਰ ਜੀ ਤੋਂ ਭੀ ਪੁੱਛ ਚੁੱਕਿਆ ਹੈ, ਉਹਨਾਂ ਤੋਂ ਭੀ ਕੇਵਲ ਉੱਤਰ ਮਿਲਿਆ ਹੈ ਕਿ ਭਾਈ ! ਦਰਸ਼ਨ ਕਰੇਂਗਾ ਤਾਂ ਭਰਮ ਦੂਰ ਹੋ ਜਾਏਗਾ।

ਹੁਣ ਇਹ ਜਰਨੈਲ ਸੈਦ ਖ਼ਾਂ ਉਸੇ ਸੋਹਣੇ ਪ੍ਰੀਤਮ ਨੂੰ ਮਾਰ ਮੁਕਾਉਣ ਲਈ ਜਾਂ ਜੀਉਂਦਾ ਫੜਨ ਲਈ ਜਾ ਰਿਹਾ ਹੈ, ਪਰ ਕਦੇ ਕਦੇ ਪੀਰ ਬੁਧੂ ਸ਼ਾਹ ਦੇ ਬਚਨ ਚੇਤੇ ਆ ਜਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਚਾਰ ਚੁਫੇਰੇ ਫ਼ੌਜਾਂ ਨੇ ਘੇਰਾ ਘੱਤ ਲਿਆ ਹੈ ; ਮੀਲਾਂ ਤਾਈਂ ਪਹਾੜੀ ਰਾਜਿਆਂ ਦੀਆਂ ਤੇ ਔਰੰਗਜ਼ੇਬ ਦੀਆ ਫ਼ੌਜਾਂ ਡੇਰੇ ਜਮਾਈ ਬੈਠੀਆਂ ਹਨ। ਸਭ ਦੇ ਮਨ ਵਿਚ ਇਹ ਜੋਸ਼ ਉੱਠ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਪਕੜ ਲੈਣਾ ਹੈ ਤੇ ਬਾਦਸ਼ਾਹ ਤੋਂ ਬੜੇ ਬੜੇ ਇਨਾਮ ਹਾਸਲ ਕਰਨੇ ਹਨ।

ਅੱਜ ਕਿਲ੍ਹੇ ਤੇ ਚੜ੍ਹਾਈ ਕਰਨ ਲਈ ਸੈਦ ਖ਼ਾਂ ਦੀ ਵਾਰੀ ਹੈ। ਉਸ ਦੇ ਜੁਆਨ ਆਪਣੇ ਸ਼ਸਤਰਾਂ ਨਾਲ ਸਨੱਧ-ਬੱਧ ਤਿਆਰ ਹੋ ਰਹੇ ਹਨ। ਸੈਦ ਖ਼ਾਂ ਘੋੜੇ ਤੇ ਸੁਆਰ ਹੈ ਤੇ ਆਪਣੇ ਸੂਰਮਿਆਂ ਨੂੰ ਜੰਗੀ ਹਿਦਾਇਤਾਂ ਦੇ ਰਿਹਾ ਹੈ। ਪਰ ਕਦੇ ਕਦੇ ਪੀਰ ਜੀ ਦੇ ਬਚਨ ਚੇਤੇ ਆ ਜਾਂਦੇ ਹਨ, ਤੇ ਅੱਖਾਂ ਅਨੰਦਪੁਰ ਸਾਹਿਬ ਵਲ ਜਾ ਟਿਕਦੀਆਂ ਹਨ। ਮਨ ਵਿਚ ਖ਼ਿਆਲ ਉਠ ਰਹੇ ਹਨ-'ਮੇਰਾ ਪੀਰ ਅੰਞਾਣਾ ਨਹੀਂ, ਜਿਗਰ ਦੇ ਟੋਟੇ ਦੇ ਕੇ ਸੌਦਾ ਕੀਤਾ ਨੇ, ਕੋਈ ਅਜ਼ਮਤ ਅੱਖੀਂ ਵੇਖੀਂ ਹੀ ਹੋਵੇਗੀ। ਕਿਆ ਅੱਛਾ ਹੋਵੇ, ਜੇ ਜੰਗ ਅਰੰਭ ਹੋਣ ਤੋਂ ਪਹਿਲਾਂ ਮੈਂ ਭੀ ਗੁਰੂ ਨੂੰ ਵੇਖ ਲਵਾਂ। ਪੀਰ ਜੀ ਆਖਦੇ ਸਨ, ਗੁਰੂ ਅੰਤਰਜਾਮੀ ਹੈ। ਜੇ ਦਿਲਾਂ ਦੀਆ ਜਾਣਦਾ ਹੈ ਤਾਂ ਮੇਰੇ ਦਿਲ ਦੀ ਕਿਉਂ ਨਹੀਂ ਬੁੱਝਦਾ ?''

ਫ਼ੌਜ ਤਿਆਰ ਹੋ ਚੁਕੀ ਹੈ, ਪਰ ਸੈਦ ਖ਼ਾਂ ਦੇ ਮਨ ਵਿਚ ਅਜੇ ਭੀ ਉਹੀ ਖ਼ਿਆਲ ਆ ਰਹੇ ਹਨ। ਔਹ ਦੇਖੋ ਸ਼ਾਹਾਨ ਸ਼ਾਹ, ਪੀਰਾਨ ਪੀਰ ਗੁਰੂ ਆਪਣੇ ਨੀਲੇ ਤੇ ਅਸਵਾਰ ਹੁੰਦੇ ਹਨ ਤੇ ਇਕਲੇ ਹੀ ਕਿਲ੍ਹੇ ਵਿਚੋ ਨਿਕਲ ਕੇ ਵੈਰ ਕਮਾਉਣ ਆਏ ਰੱਬ ਦੇ ਬੰਦਿਆਂ ਵਿਚੋਂ ਦੀ ਲੰਘਦੇ ਲੰਘਦੇ ਅਨੰਦਪੁਰ ਸਾਹਿਬ ਤੋਂ ਬਾਹਰ ਤਿੰਨ ਚਾਰ ਮੀਲ ਤੇ ਸੈਦ ਖ਼ਾਂ ਦੇ ਸਾਹਮਣੇ ਜਾ ਅਪੜਦੇ ਹਨ। ਹੇ ਮੇਰੇ ਚਤਰ ਮਨ ! ਤੱਕ। ਸੈਦ ਖ਼ਾਂ ਦੇ ਭਾਗ ਜਾਗਣ ਲੱਗੇ ਹਨ। ਜਿਸ ਸਾਬਤ ਸੂਰਤ ਤੇ ਅੱਜ ਤੈਨੂੰ ਇਤਰਾਜ਼ ਫੁਰ ਰਹੇ ਹਨ, ਉਸੇ ਦਾ ਦਿਦਾਰ ਅੱਜ ਉਸ ਸੈਦ ਖ਼ਾਂ ਨੂੰ ਹੋਣ ਲੱਗਾ ਹੈ। ਸਾਹਿਬ ਕਲਗੀਧਰ ਜੀ ਨੇ ਆਪਣਾ ਘੋੜਾ ਸੈਦ ਖ਼ਾਂ ਦੇ ਸਾਹਮਣੇ ਆ ਖੜਾ ਕੀਤਾ ਹੈ। ਸੈਦ ਖ਼ਾਂ ਦੀਆ ਅੱਖਾਂ ਭੀ ਉਸੇ ਸੋਹਣੀ ਸੂਰਤ ਵਲ ਲੱਗੀਆਂ ਹੋਈਆ ਸਨ। ਪ੍ਰੀਤਮ ਜੀ ਦੇ ਅਪੜਨ ਤੱਕ ਏਸ ਨੂੰ ਆਪਣਾ ਆਪ ਭੁਲ ਚੁਕਿਆ ਸੀ। ਰੱਬੀ ਨੂਰ ਦੇ ਪੁੰਜ ਗੁਰੂ ਨੂੰ ਤੱਕ ਕੇ ਬੇਵਸ ਇਉਂ ਬੋਲ ਉਠਿਆ:-

ਖ਼ੁਦਾ ਆਇਦ, ਖ਼ੁਦਾ ਆਇਦ, ਕਿ ਮੇ ਆਇਦ ਖ਼ੁਦਾ ਬੰਦਾਹ।
ਹਕੀਕਤ ਬਰ ਮਜਾਜ਼ ਆਇਦ, ਕਿ ਮੁਰਦਹ ਰਾ ਕੁਨਦ ਜ਼ਿੰਦਾਹ।

ਭਾਵ, ਰੱਬ ਆਇਆ ਹੈ,ਕਿ ਰੱਬ ਦਾ ਬੰਦਾ ਆਇਆ ਹੈ। ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ।

(੮)

ਕਬੀਰ ਡਗਮਗ ਕਿਆ ਕਰਹਿ, ਕਹਾ ਡੁਲਾਵਹਿ ਜੀਉ।।
ਸਰਬ ਸੂਖ ਕੋ ਨਾਇਕੋ, ਰਾਮ ਨਾਮ ਰਸੁ ਪੀਓ।।੩।।

ਸ਼ਰਧਾ ਤੇ ਯਕੀਨ ਨਾਲ ਹੀ ਗੁਰ- ਚਰਨੀਂ ਲੱਗਿਆ ਵਿਸ਼ੇ ਵਿਕਾਰਾਂ ਦੇ ਇਹਨਾਂ ਹੜ੍ਹਾਂ ਵਿਚੋ ਬਚਾਉ ਹੋ ਸਕਦਾ ਹੈ। ਇਸ਼ਕ ਨਿਭਦਾ ਹੀ ਕਦੋਂ ਹੈ ਜੇ ਅੰਦਰ ਸਿਦਕ ਹੋਵੇ। ਭਾਈ ਨੰਦ ਲਾਲ ਜੀ ਭੀ ਫੁਰਮਾਉਂਦੇ ਹਨ।

(ਬਾਕੀ ਪੰਨਾ ੧੪ ਤੇ.)



www.AKJ.Org

# ਨਾਮ ਤੋਂ ਬਿਨਾਂ.......

(ਅਮਰਦੀਪ ਸਿੰਘ 'ਬਾਰਦੇਕੇ')

ਦੇਖ ਸੋਚ ਕੇ ਮਨ ਵਿਚ ਝਾਤੀ ਮਾਰ ਮਨਾ। ਨਾਮ ਬਿਨਾਂ ਨ ਲੱਗਣਾ ਬੇੜਾ ਪਾਰ ਮਨਾ।
ਮਾਤ ਉਦਰ ਵਿਚ ਜਿਸ ਤਰ੍ਹਾਂ ਗੁਰ ਗੁਰ ਕਰਦਾ ਸੀ। ਉਦੋਂ ਰੱਬ ਸੀ ਯਾਦ ਜਦੋਂ ਅਗਨੀ ਵਿਚ ਸੜਦਾ ਸੀ।
ਸਾਸ-ਗਿਰਾਸ ਸੀ ਜਪਦਾ ਸਤਿ ਕਰਤਾਰ ਮਨਾ। ਨਾਮ ਬਿਨਾਂ ਨਾ ਲੱਗਣਾ ਬੇੜਾ ਪਾਰ ਮਨਾ।

ਹੋਇਆ ਜਨਮ ਤਾਂ ਆ ਕੇ ਘੇਰਾ ਪਾਇਆ ਮਾਇਆ ਨੇ। ਰਾਮ ਨਾਮ ਤੋਂ ਆ ਪੱਲਾ ਛੁਡਵਾਇਆ ਮਾਇਆ ਨੇ।
ਮਿੱਠੀ ਲੱਗਣ ਲੱਗ ਪਈ ਮਾਂ ਦੇ ਦੁੱਧ ਦੀ ਧਾਰ ਮਨਾ। ਨਾਮ ਬਿਨਾਂ ਨਾ ਲੱਗਣਾ ਬੇੜਾ ਪਾਰ ਮਨਾ।

ਖਾਣ ਖੇਡਣ ਵਿਚ ਹੀ ਬਚਪਨ ਅਉਧ ਗਵਾਈ ਓਏ। ਚੜ੍ਹੀ ਜਵਾਨੀ ਕਾਮ ਵੀ ਆਇਆ ਕਰਕੇ ਧਾਈ ਮਨਾ।
ਜਾਤ ਕੁਜਾਤ ਨਾ ਦੇਖੇ ਕਾਮ ਹੋਆ ਸਿਰਦਾਰ ਮਨਾ। ਨਾਮ ਬਿਨਾ ਨਾ ਲੱਗਣਾ ਬੇੜਾ ਪਾਰ ਮਨਾ.।

ਹੋਇਆ ਅਧਖੜ੍ਹ ਘਰ ਬਾਰ ਦੇ ਫਿਕਰਾਂ ਖਾ ਲਿਆ ਤੂੰ। ਕੁੰਦਨ ਵਰਗੀ ਦੇਹ ਨੂੰ ਚਿੰਤਾ ਰੋਗ ਲਗਾ ਲਿਆ ਤੂੰ।
ਪੱਪੂ ਗੁੱਡੀ ਰੋਂਦੇ ਰੁੱਸੀ ਬੈਠੀ ਨਾਰ ਮਨਾ। ਨਾਮ ਬਿਨਾਂ ਨਾ ਲਗਣਾ ਬੇੜਾ ਪਾਰ ਮਨਾ।

ਹੋਇਆ ਬੁੱਢਾ ਕੰਬਣ ਲਗੀ ਦੇਹ ਨਿਮਾਣੀ ਓਏ। ਛੱਡ ਮੈਦਾਨ ਨੂੰ ਭੱਜ ਗਏ ਤੇਰੇ ਸਾਰੇ ਹਾਣੀ ਓਏ।
ਗੋਡੇ ਦੇਣ ਦੁਹਾਈ ਗਏ ਨੈਣ ਵੀ ਹਾਰ ਮਨਾ। ਨਾਮ ਬਿਨਾ ਨਾ ਲੱਗਣਾ ਬੇੜਾ ਪਾਰ ਮਨਾ।

ਗਲ ਨਾ ਮਾਸਾ ਝੂਠੀ ਬਿਲਕੁਲ ਸੱਚੀ ਜਾਣੀ ਤੂੰ। 'ਅਮਰ' ਹੋਣ ਲਈ ਪੜ੍ਹ ਲੈ ਹੁਣ ਦਰਗਾਹੀ ਬਾਣੀ ਤੂੰ।
ਇਕ ਦਿਨ ਸਭ ਦੀ ਖੜਕ ਜਾਣੀ ਹੈ ਧੁਰ ਦੀ ਤਾਰ ਮਨਾ। ਨਾਮ ਬਿਨਾਂ ਨਾ ਲਗਣਾ ਬੇੜਾ ਪਾਰ ਮਨਾ।

(ਪੰਨਾ ੧੩ ਦਾ ਬਾਕੀ.)

ਬਾ ਹਿਜਰ ਆਸ਼ਨਾ ਸ਼ੌ, ਗਰ ਤਾਲਬੇ ਵਸਾਲੀ।
ਰਾਹ ਕੈ ਬਰੀ ਬ-ਮਨਜ਼ਲ, ਤਾ ਰਾਹਬਰ ਨ ਬਾਸ਼ਦ।

ਭਾਵ, ਜੇ ਵਸਲ ਦੀ ਲੋੜ ਹੈਂ ਤਾਂ ਬਿਰਹੋਂ ਨੂੰ ਸਮਝ। ਇਹ ਬਿਰਹੋਂ ਹੀ ਗੁਰੂ ਮਿਲਾਪ ਲਈ ਰਾਹਬਰ ਹੈਂ, ਏਸ ਤੋਂ ਬਿਨਾ ਮੰਜ਼ਲ ਤੇ ਕਿਵੇਂ ਅਪੜੇਗਾਂ?

ਦਾਮਾਨਿ ਚਸ਼ਮ ਮਗ੍ਹਾਰ, ਅਜ਼ ਦਸਤ ਹਮਹੁ ਮਿਯਗਾਂ॥
ਤਾ ਜੇਬਿ ਆਰਜ਼ੂਹਾ, ਪੁਰ ਅਜ਼ ਗੁਰਹ ਨ ਬਾਸ਼ਦ॥

ਭਾਵ, ਪਲਕਾਂ ਵਾਂਗ ਹਥੋ ਅੱਖਾਂ ਦਾ ਪੱਲਾ ਨਾ ਛੱਡ, ਜਿਤਨਾ ਚਿਰ ਤਾਂਘ ਦੀ ਜੇਬ ਮੁਰਾਦ ਦੇ ਮੋਤੀ ਨਾਲ ਨਹੀਂ ਭਰਦੀ।

ਸ਼ਾਖ਼ੇ ਉਮੀਦੇ ਆਸ਼ਿਕ ਹਰਗਿਜ਼ ਸਮਰ ਨ ਗੀਰਦ॥
ਅਜ਼ ਅਸ਼ਕਹਾਇ ਮਿਯਗਾਂ ਤਾਂ ਸਬਜ਼ ਤਰ ਨ ਬਾਸ਼ਦ॥

ਭਾਵ, ਆਸ਼ਿਕ ਦੀ ਆਸ ਦੀ ਟਾਹਣੀ ਨੂੰ ਕਦੋਂ ਤਾਈਂ ਫਲ ਨਹੀਂ ਲੱਗ ਸਰਦਾ, ਜਦ ਤਾਈਂ ਅੱਖਾਂ ਦੇ ਵੈਰਾਗ ਭਰੇ ਜਲ ਨਾਲ ਇਹ ਟਾਹਣੀ ਹਰੀ ਨਹੀਂ ਹੁਦੀ। ਤਾਂ ਤੇ ਹੇ ਮਨ ! ਪਤਿਬ੍ਰਤਾ ਇਸਤ੍ਰੀ ਵਾਂਗ ਆਪਣੇ ਅੰਦਰ ਇਹ ਤਾਘ ਪੈਦਾ ਕਰ ਕੇ ਨਿਤ-

ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ॥ (ਮ: ੫)

(ਪੰਨਾ ੨ ਦਾ ਬਾਕੀ)

ਬਿਖ-ਮਾਇਆ-ਬਿਹਾਜਣੇ ਕਰਮਾਂ ਤੋਂ ਬਿਨਾਂ ਹੋਰ ਕੁਛ ਸੁਝਦਾ ਹੀ ਨਹੀਂ। ਜਿਉਂ ਜਿਉਂ ਇਹ ਕਰਮ ਕਰਦਾ ਹੈ ਤਿਉਂ ਤਿਉਂ ਤੈਥੋਂ ਵਿਛੁੜ ਕੇ ਲਖ ਕੋਹਾਂ ਦੀ ਵਿਥ ਤੇ ਪਰੇਡੇ ਹੋ ਰਿਹਾ ਹੈ। ਏਹਨਾਂ ਇਨਸਾਨਾਂ ਵਿਚੋਂ ਜਿਸ ਕਿਸੇ ਨੂੰ ਇਸ ਮਾਇਆ ਬਿਖਿਆ ਦੀ ਉਲਝਣ ਵਿਚੋਂ, ਮਾਇਆ ਦੀ ਚਿੱਕੜ ਵਾਲੀ ਗਡਣ ਵਿਚੋਂ ਗੁਰ ਪ੍ਰਸਾਦਿ ਕਰਿ ਨਿਕਲਣ ਦਾ ਵਡਭਾਗਾ ਅਵਸਰ ਮਿਲਿਆ ਹੈ, ਤਿਸ ਨੂੰ ਗੁਰੂ ਨਾਨਕ ਨੇ ਆਪਣੇ ਘਰ (ਗੁਰੂ ਸਰ ਵਿਚ) ਲਿਆਇ ਕੈ ਦੀਖਸ਼ਾਇ ਕੈ ਅੰਮ੍ਰਿਤ ਨਾਮ ਦਾ ਗੱਫਾ ਬਖਸ਼ਿਆ ਹੈ। ਜਿਸ ਅੰਮ੍ਰਿਤ ਨਾਮ ਦੇ ਛਾਂਦੇ ਨੂੰ ਛਕ ਕੇ ਗੁਰੂ ਨਾਨਕ ਦੇ ਘਰ ਦੇ ਸਿਖ ਸਜਨਾਂ ਗੁਰਮੁਖਾਂ ਨੇ ਇਸ ਬਿਖ ਮਾਇਆ ਵਿਚੇ ਹੀ (ਬਿਖ ਮਾਇਆ ਵਿਚਿ ਰਹਿੰਦਿਆਂ ਹੋਇਆ) ਝੋਲ ਕੇ ਅੰਮ੍ਰਿਤ ਦੇ ਗਟਾਕ ਹੀ ਭੁੰਚੇ ਪੀਤੇ ਹਨ। ਬਸ, ਅਜਿਹਾ ਅੰਮ੍ਰਿਤ ਗਟਾਕੀ ਨਾਮ ਰਸ ਪੀਤਾ ਹੈ। ਬਾਂਹ ਪਕਰ ਕੇ ਤਿਨ੍ਹਾਂ ਨੂੰ ਆਪਿ ਹੀ ਗੁਰੂ ਕਰਤਾਰ ਨੇ ਰਖ ਲੀਤਾ ਹੈ। ਜਿਨ੍ਹਾਂ ਦੀ ਇਸ ਪ੍ਰਕਾਰ ਗੁਰ ਪ੍ਰਸਾਦਿ ਕਰਿ ਰਖਿਆ ਹੋਈ ਹੈ, ਤੇ ਸਭ ਭਵਜਲੋਂ ਪਾਰ ਪਏ ਹਨ। ਮੁਕਤੀ ਓਹਨਾਂ ਦੇ ਚਰਨ ਚੁੰਮਦੀ ਫਿਰਦੀ ਹੈ। • • • • • •



www.AKJ.Org

## ਹੇ ਲੋਭਾ-ਨਚ ਮਾਤ ਪਿਤਾ ਤਵ ਲਜਯਾ

(ਪ੍ਰਿੰ: ਸੱਜਣ ਸਿੰਘ ਜੀ)

ਮਨ ਦੇ ਵਿਕਾਰ ਦਾ ਤੀਜਾ ਅੰਗ ਹੈ, ਲੋਭ ਜਿਸ ਵਿੱਚ ਸਾਰਾ ਵਿਸ਼ਵ ਗ੍ਰਸਿਆ ਹੋਇਆ ਹੈ। ਇਸ ਦੀ ਖਾਸ ਪਛਾਣ ਇਹ ਹੈ ਕਿ ਜੀਵ ਨੂੰ ਜੋ ਕਿਛ ਪ੍ਰਾਪਤ ਹੈ, ਭਾਵੇਂ ਲੋੜ ਤੋਂ ਵੱਧ ਹੀ ਹੋਵੇ, ਉਸ ਤੇ ਸੰਤੁਸ਼ਟੀ ਨਹੀਂ ਹੁੰਦੀ। ਬੰਦਾ ਲੋਭ ਲਹਿਰ ਦੀਆਂ ਥਪੇੜਾਂ ਖਾਂਦਾ, ਸੰਸਾਰ ਸਾਗਰ ਵਿੱਚ ਡੋਲਦਾ ਪਿਆ ਹੈ, ਥਾਂ ਥਾਂ ਭਟਕਦਾ ਹੈ ਤੇ ਹਮੇਸ਼ਾ ਅਸਤੁੰਲਤ ਅਵਸਥਾ ਵਿਚ ਵਿਚਰਦਾ ਹੈ। ਲੋਭੀ ਪ੍ਰਾਣੀ ਸ਼ਰਮ, ਹਯਾ ਦੀ ਸੀਮਾ ਦੀ ਉਲੰਘਣਾ ਕਰਕੇ ਨਾ ਕਰਨ ਵਾਲੀਆਂ ਗੱਲਾਂ ਕਰਦਾ, ਨਾ ਖਾਣ ਵਾਲੇ ਪਦਾਰਥ ਖਾਂਦਾ ਤੇ ਅਨਹੋਣੀਆਂ ਗੱਲਾਂ ਕਰਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਭ ਨੂੰ ਮੁਖਾਤਬ ਕਰਕੇ ਉਸ ਦੇ ਅਉਗਣਾਂ ਨੂੰ ਸਰਲ ਸ਼ਬਦਾਂ ਵਿਚ ਨਸ਼ਰ ਕੀਤਾ ਹੈ।

**ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ॥ ਅਕਰਣੰ ਕਰੋਤਿ ਅਖਾਦਿ ਖਾਦੰ ਅਸਾਜ੍ਯੰ ਸਾਜਿ ਸਮਨਜਯਾ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ॥**

(ਸਲੋਕ ਸਹਸਕ੍ਰਿਤੀ ਮਹਲਾ ੫- ੧੩੫੮)

ਕਈ ਵਾਰ ਸ਼੍ਰੋਮਣੀਮੁਖੀ ਬੰਦੇ ਵੀ ਲੋਭ ਵਿਚ ਫਸ ਕੇ ਅਨੇਕ ਤਰਾ ਦੇ ਕਲੋਲ ਕਰਦੇ ਹਨ ਤੇ ਕਦੇ ਸ਼ਿਕਾਰ ਵੀ ਬਣਦੇ ਹਨ। ਲੋਭ ਦੇ ਅਜਬ ਕੌਤਕ ਹਨ, ਕਦੇ ਲੱਖਾ ਦੀ ਪਰਵਾਹ ਨਾ ਕਰਨੀ ਤੇ ਕਦੇ ਗਿਣਤੀ ਦੇ ਪੈਸਿਆਂ ਤੇ ਮਰ ਮਿਟਣਾ ਤੇ ਹਠ ਕਰਨਾ। ਪਾਵਨ ਫੁਰਮਾਨ ਹੈ :-

ਰਾਮਕਲੀ ਮਹਲਾ ੧ ......

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥** (੮੭੬)

ਲੋਭੀ ਪੁਰਸ਼ ਨਾਲ ਚੰਗੇ ਸੰਬੰਧ ਜਾਂ ਮਿੱਤਰਤਾ ਬਹੁਤੇ ਦਿਨ ਨਹੀਂ ਨਿਭਦੀ। ਮਾਂ ਬਾਪ, ਭੈਣ, ਭਰਾ ਦੇ ਰਿਸ਼ਤੇ ਤੋਂ ਤਾ ਕੋਈ ਵੱਧ ਰਿਸ਼ਤਾ ਨਹੀਂ ਗਿਣਿਆ ਜਾਂਦਾ। ਕਦੇ ਕਦੇ ਕੋਈ ਐਸਾ ਕਾਰਨ ਬਣ ਜਾਂਦਾ ਹੈ ਕਿ ਐਸੇ ਡੂੰਘੇ ਸੰਬੰਧਾਂ ਵਿੱਚ ਤ੍ਰੇੜਾਂ ਉਤਪੰਨ ਹੋ ਜਾਂਦੀਆਂ ਹਨ। ਲੋਭ ਦਾ ਜਾਦੂ ਜਦ ਪ੍ਰਗਟ ਰੂਪ ਵਿੱਚ ਸਾਹਮਣੇ ਆਉਂਦਾ ਹੈ ਤਾਂ ਇਹ ਸੰਪਤੀ ਤੇ ਜ਼ਮੀਨ ਦੀ ਵੰਡ ਵੇਲੇ ਸਿਰ ਵੱਢਵੇਂ ਵੈਰ ਤਕ ਪਹੁੰਚਾਉਣ ਦੀ ਨੌਬਤ ਤਕ ਪਹੁੰਚਦਾ ਹੈ। ਗੁਰਦੇਵ ਜੀ ਦੱਸਣਾ ਚਾਹੁੰਦੇ ਹਨ ਕਿ ਇਹ ਵਿਕਾਰ ਸੁਖਾਵਾਂ ਤੇ ਪੱਧਰਾ ਜੀਵਨ ਬਿਤਾਉਣ ਵਿੱਚ ਰੁਕਾਵਟ ਹੈ, ਇਸੇ ਕਰਕੇ ਲੋਭੀ ਪੁਰਸ਼ ਦਾ ਵਿਸਾਹ ਨਾ ਕਰਨ ਦਾ ਉਪਦੇਸ਼ ਦਿੰਦੇ ਹਨ।

**ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥ ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥ ਮੁਹ ਕਾਲੇ ਤਿਨ ਲੋਭੀਆ ਜਾਸਨਿ ਜਨਮੁ ਗਵਾਇ॥**

(ਸਲੋਕ ਵਾਰਾਂ ਤੇ ਵਧੀਕ ੩-੧੪੧੭)

ਅਜਿਹਾ ਸਾਕਤ ਪੁਰਸ਼ ਬਿਰਤੀ ਤੇ ਰੁੱਚੀਕਰ ਕੇ ਸੁਆਨ ਕਹਿਲਾਉਣ ਦੇ ਯੋਗ ਹੈ। ਕੋਈ ਲੋਭੀ ਹੋਵੇ, ਭੈੜੀ ਬੁੱਧੀ ਵਾਲਾ ਤੇ ਮੈਲੇ ਹਿਰਦੇ ਹੋਵੇ ਤੇ ਆਪਣੇ ਸੁਆਰਥ ਲਈ ਗੱਲਾਂ ਬਾਤਾਂ ਕਰਨ ਵਾਲਾ ਹੋਵੇ, ਉਸ ਤੇ ਭਰੋਸਾ ਤੇ ਇਤਬਾਰ ਕਦਾਚਿਤ ਨਹੀਂ ਹੋ ਸਕਦਾ।

**ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥**

(ਕਲਿਆਨ ਮਹਲਾ ੪-੧੩੨੬)

ਲੋਭ ਦੁਨਿਆਵੀ ਹੋਵੇ ਜਾਂ ਇਲਾਹੀ, ਲੋਭ ਦਾ ਅੰਸ਼ ਇਸ ਨੂੰ ਪ੍ਰਫੁੱਲਤ ਨਹੀ ਹੋਣ ਦਿੰਦਾ। ਬਾਬਾ ਫਰੀਦ ਜੀ ਦੇ ਬਚਨ ਅਨੁਸਾਰ ਲੋਭ ਤੇ ਨੇਹੁੰ ਦਾ ਸੁਮੇਲ ਅਨੰਭਵ ਹੈਂ। ਜਿੱਥੇ ਲਾਲਚ ਹੈਂ,ਉਥੇ ਪਿਆਰ ਨਹੀਂ,ਜੇ ਪਿਆਰ ਹੈਂ ਤਾਂ ਅਵੱਸ਼ ਝੂਠਾ ਦਿਖਾਵੇ ਦਾ ਹੋਵੇਗਾ।

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥੮੮॥**

ਸਲੋਕ ਸ਼ੇਖ ਫਰੀਦ ਕੇ॥(੧੩੭੮)

ਜਿਉਂ ਮੀਂਹ ਦੇ ਦੁਜਾਨ ਟੁੱਟੇ ਹੋਏ ਛਪਰਿ ਵਿਚ ਗੁਜਾਂਰਾ ਕਰਨਾ ਮੁਸ਼ਕਿਲ ਹੈਂ, ਤਿਵੇਂ ਹੀ ਲੋਭੀ ਪੁਰਸ਼ ਨਾਲ ਪਿਆਰ ਕਰਨਾ ਔਖਾ ਹੈ। ਰਾਜਸੀ ਖੇਤਰ ਵਿਚ-ਇਹ ਸਚਾਈ ਪਰਤੱਖ ਦਿਖਾਈ ਦਿੰਦੀ ਹੈਂ। ਲੋਭ ਲਈ ਗਠ ਜੋੜ ਬਣਦੇ ਹਨ ਤੇ ਟੁਟਦੇ ਦੇਰ ਨਹੀਂ ਲਾਉਂਦੇ।

ਲੋਭੀ ਨੂੰ ਧੰਨ ਦੀ ਪ੍ਰਾਪਤੀ ਹੋਵੇ ਜਾਂ ਨਾ ਹੋਵੇ, ਖੱਜਲ ਖੁਆਰੀ ਜਰੂਰ ਮਿਲਦੀ ਹੈਂ। ਇਹ ਵਰਗ ਏਨਾ ਢੀਠ ਹੈਂ ਕਿ ਨਿਰਾਦਰੀ ਤੇ ਹੇਠੀ ਨੂੰ ਪੀ ਕੇ ਡਕਾਰ ਨਹੀ ਮਾਰਦੇ । ਇਸ ਦਾ ਇਕ ਹੋਰ ਪੱਖ ਲੋਭ ਵਿਚ ਅੰਨ੍ਹੇ ਹੋਣ ਦਾ ਵੀ ਹੈਂ। ਇਹ ਗੱਲ ਵੀਹ ਵਿਸਵੇ ਸੱਚ ਹੈਂ ਤੇ ਰੱਤੀ ਭਰ ਵੀ ਇਸ ਵਿਚ ਅੱਤ ਕਥਨੀ ਨਹੀਂ । ਅੰਤਰ ਏਨਾ ਹੈਂ ਕਿ ਬਾਕੀ ਸਭ ਕੁਛ ਦਿਸਦਾ ਹੈਂ, ਸੰਬੰਧਤ ਵਸਤੂ ਨਹੀ ਦਿਖਾਈ ਦਿੰਦੀ। ਇਸ ਤਰਾਂ ਦੀ ਘਟਨਾ ਅੱਖਾਂ ਦੇ ਧੋਖੇ ਦੁਆਰਾ ਜਾਂ ਮਨ ਦੀ ਅਗਿਆਨਤਾ ਦੁਆਰਾ ਵਾਪਰਦੀ ਹੈਂ। ਮਨ ਦੇ ਅੰਨ੍ਹਾ



www.AKJ.Org

ਪਨ ਦੀ ਇਕ ਉਦਾਹਰਨ ਗੁਰ ਇਤਿਹਾਸ ਤੇ ਗੁਰ ਫੁਰਮਾਨ ਦੇ ਅਨਮੋਲ ਖਜ਼ਾਨੇ ਵਿਚ ਮੌਜੂਦ ਹੈਂ।

ਸਤਾ ਤੇ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਹਜ਼ੂਰੀ ਕੀਰਤਨੀਏ ਸਨ। ਸਤੇ ਨੂੰ ਆਪਣੀ ਬੇਟੀ ਦੇ ਵਿਆਹ ਤੇ ਮਾਇਆ ਦੀ ਲੋੜ ਸੀ। ਸਚੇ ਪਾਤਸ਼ਾਹ ਨੇ ਕੰਨਿਆ ਦਾਨ ਲਈ ਬਹੁਤ ਕੁਝ ਦੇਣਾ ਸੀ ਪਰ ਚੜ੍ਹਾਵੇ ਦੇ ਲਾਲਚ ਨੇ ਉਸ ਦਾ ਮਨ ਅੰਨ੍ਹਾ ਤੇ ਦੁਫਾਕੜ ਕਰ ਦਿੱਤਾ, ਤੇ ਦਾਤਾਰ ਪਿਤਾ ਦੀ ਅਤੁੱਟ ਦਾਤ ਨੂੰ ਸਹੀ ਰੂਪ ਵਿੱਚ ਦੇਖਣ ਨਹੀਂ ਦਿੱਤਾ। ਨਤੀਜਾ ਇਹ ਨਿਕਲਿਆ ਕਿ ਉਸ ਨੇ ਰਹਿਮਤ ਜਾਂ ਬਖਸ਼ਸ਼ ਨੂੰ ਅਸਵੀਕਾਰ ਕਰਕੇ, ਇਕ ਦਿਨ ਦਾ ਚੜ੍ਹਾਵਾ ਲੈਣ ਲਈ ਜ਼ਿਦ ਕੀਤੀ। ਕੁਦਰਤ ਦਾ ਭਾਣਾ ਕਿ ਉਸ ਦਿਨ ਦਾ ਚੜ੍ਹਾਵਾ ਅਨੁਮਾਨ ਤੋਂ ਘਟ ਨਿਕਲਿਆ। ਸੰਖੇਪ ਸ਼ਬਦਾਂ ਵਿਚ ਉਨਾਂ ਨੇ ਗੁੱਸੇ, ਗਿਲੇ ਦਾ ਪ੍ਰਗਟਾਵਾ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਚ ਅਸਭਯ ਭਰੇ ਸ਼ਬਦ ਬੋਲੇ, ਕੋਹੜ ਵਿੱਚ ਗ੍ਰਸੇ, ਪਛਤਾਏ ਤੇ ਭਾਈ ਲੱਧਾ ਦੁਆਰਾ ਸਤਿਗੁਰੂ ਜੀ ਦੇ ਚਰਨਾਂ ਨਾਲ ਮੁੜ ਜੁੜੇ ਤੇ ਗੁਰੂ ਸਾਹਿਬਾਨ ਦੀ ਉਸਤਤਿ ਕਰ ਕੇ ਅਰੋਗ ਹੋਏ।

ਸਤਾ ਤੇ ਬਲਵੰਡ ਨੇ ਪੰਚਮ ਪਾਤਸ਼ਾਹ ਦੀ ਨਦਰਿ ਰਹਿਮਤ ਨਾਲ ਜਿਹੜੀ ਵਾਰ ਆਖੀ ਉਸ ਵਿਚ ਤਿੰਨ ਤੱਤ ਵਿਸ਼ੇਸ਼ ਤੌਰ ਤੇ ਧਿਆਨ ਗੋਚਰੇ ਹਨ।

1. ਬਖਸ਼ਸ਼-ਮੰਗ ਗੁਰਦੇਵ ਜੀ ਆਪਣੀ ਇੱਛਾ ਅਨੁਸਾਰ ਜਿਹੜੀ ਬਖਸ਼ਸ਼ ਪਰਦਾਨ ਕਰਨ ਚਾਹੁੰਦੇ ਸਨ, ਉਹ ਸਾਨੂੰ ਸਵੀਕਾਰ ਕਰਨੀ ਚਾਹੀਦੀ ਸੀ। ਸਾਡੀ ਆਪਣੀ ਮੰਗ ਗਲਤ ਸਾਬਤ ਹੋਈ।

ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥
ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ॥
(੯੬੮)

੨. ਲੋਭ-ਬੁੱਧੀ ਦਾ ਬਿਨਾਸ :- ਲੋਭ ਮਾਣਸ ਜਾਤੀ ਨੂੰ ਇਉਂ ਬਰਬਾਦ ਕਰਦਾ ਹੈ ਜਿਉਂ ਛੱਪੜ ਦਾ ਬੂਰ ਪਾਣੀ ਦੀ ਨਿਰਮਲਤਾ ਦਾ ਬਿਨਾਸੁ ਕਰਦਾ ਹੈ।

ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥(੯੬੭)

3. ਨਿੰਦਾ-ਫਲ :- ਲੋਭ ਦੀ ਪੂਰਤੀ ਨਾ ਹੋਣ ਕਰਕੇ ਬੁੱਧੀ ਭ੍ਰਸ਼ਟ ਗਈ ਤੇ ਨਿੰਦਾ ਦਾ ਜਨਮ ਹੋਇਆ। ਗੁਰਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੇਠੀ ਬਰਦਾਸ਼ਤ ਨਹੀਂ ਕਰ ਸਕੇ ਤੇ ਸਹਿਜ ਸੁਭਾ ਹੀ ਮੁਖਾਰਬਿੰਦ ਤੋਂ ਨਿਕਲੇ ਸ਼ਬਦ "ਉਹ ਫਿੱਟ ਗਏ ਤੇ ਉਨ੍ਹਾਂ ਨੂੰ ਮੂੰਹ ਨ ਲਾਉ" ਪੂਰੇ ਹੋਏ। ਅੱਖਾਂ ਖੁੱਲੀਆਂ ਤਾ ਪਛਤਾਏ ਤੇ ਸੱਚੇ ਪਛਤਾਵੇ ਕਰ ਕੇ ਬਖਸ਼ੇ ਗਏ।

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥ (੯੬੭)

ਪੰਜਾਂ ਦੇ ਸਮੂਹ ਦਾ ਹਮਲਾ ਅਤੀ ਘਾਤਕ ਹੈ, ਇਸ ਤੋਂ ਦੈਵੀ ਗੁਣਾਂ ਨੂੰ ਬਚਾਉਣਾ ਸੌਖਾ ਨਹੀਂ। ਕਾਮ ਦਾ ਸੰਬੰਧ ਨੀਚ ਪੁਣੇ ਤੇ ਖੁਆਰੀ ਨਾਲ ਹੈ ਤੇ ਕ੍ਰੋਧ ਦਾ ਸੰਬੰਧ ਬੁੱਧੀ ਦੇ ਬਿਨਾਸ ਤੇ ਪਛਤਾਵੇ ਨਾਲ ਹੈ। ਇਉਂ ਲੋਭ ਸੁਆਰਥ ਦਾ ਜਨਮ ਦਾਤਾ ਤੇ ਘ੍ਰਿਣਾ ਦਾ ਫਲ ਦਾਤਾ ਆਖਿਆ ਜਾ ਸਕਦਾ ਹੈ। ਸਤਿਗੁਰੂ ਦੇ ਫਰਮਾਨ 'ਲਬੁ ਕੁਤਾ ਕੂੜੁ ਚੂਹੜਾ' ਅਨੁਸਾਰ ਲੋਭੀ ਪੁਰਸ਼ ਦੀ ਸੰਗਤ ਸੁਆਨ ਦੀ ਸੰਗਤ ਤੁੱਲ ਹੈ। ਜਿਉ ਕੁੱਤਾ ਹੱਡੀ ਨੂੰ ਚੂਸ ਚੂਸ ਕੇ ਰਸ ਪ੍ਰਾਪਤ ਕਰਦਾ ਹੈ,ਤਿਉਂ ਲੋਭੀ ਪੁਰਸ ਮਾਇਆ ਦੇ ਰਸ ਵਿਚ ਗਲਤਾਨ ਰਹਿ ਕੇ ਮਨ ਪਰਚਾਉਂਦਾ ਹੈ।

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ॥ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ॥
(ਕਾਨੜਾ ਮਹਲਾ ੪-੧੩੧੧)

ਸ਼ਕਤੀ ਦਾ ਉਪਾਸ਼ਕ, ਬੇਮੁਖ ਤੇ ਨਿਗੁਰਾ ਪੁਰਖ ਜਿਸ ਮਾਇਆ ਨਾਲ ਏਨਾ ਹਿੱਤ ਲਾਉਂਦਾ ਹੈ, ਉਹ ਸੰਤਜਨਾ ਦੀ ਦ੍ਰਿਸਟੀ ਵਿੱਚ ਮੋਏ ਪਸ਼ੂਆਂ ਦੇ ਪਿੰਜਰ ਸਮਾਨ ਹੈ।

ਕਿਸੇ ਨੂੰ ਕੁੱਤਾ ਕਹਿਣਾ ਗਾਲੀ ਕੱਢਣ ਜਾਂ ਜ਼ਲੀਲ ਕਰਨ ਤੋਂ ਘੱਟ ਨਹੀਂ। ਪਰ ਹਲਕਿਆ ਕੁੱਤਾ ਇਸ ਤੋਂ ਵੀ ਇਕ ਕਦਮ ਅੱਗੇ ਹੈ, ਜਿਸ ਦੇ ਜ਼ਹਿਰ ਤੋਂ ਬੰਦੇ ਦੇ ਲਹੂ ਦਾ ਇੱਕ ਇੱਕ ਕਤਰਾ ਪਰਦੂਸ਼ਤ ਹੁੰਦਾ ਹੈ। ਲੋਭੀ ਪੁਰਸ਼ ਐਸਾ ਹਲਕਾਇਆ ਕੁੱਤਾ ਹੈ ਜਿਹੜਾ ਮਾਇਆ ਦੇ ਸੁਆਦ ਲਈ ਦਹਦਿਸਾਂ ਵਲ ਅਰਥਾਤ ਚਾਰੇ ਪਾਸੇ ਭੱਖ ਅਭੱਖ ਖਾਣ ਤੋਂ ਸੰਕੋਚ ਨਹੀਂ ਕਰਦਾ।

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭੱਖੁ ਅਭੱਖੁ ਸਭ ਖਾਇ॥
(ਸਿਰੀ ਰਾਗੁ ਮਹਲਾ ੫-੫੦)

ਗੁਰਬਾਣੀ ਵਿੱਚ ਦੂਜੀ ਮਿਸਾਲ ਬਾਂਦਰ ਦੀ ਹੈ ਜਿਸ ਨੂੰ ਅਨਾਜ ਦੀ ਇੱਕ ਮੁੱਠ ਦਾ ਲਾਲਚ ਫਸਾ ਕੇ ਘਰ ਘਰ ਨਚਾਉਣ ਤੇ ਮਜਬੂਰ ਕਰਦਾ ਹੈ।

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥
(ਕਬੀਰ ਕਉੜੀ (੩੩੬)

ਲਾਲਚੀ ਬਾਂਦਰ ਸੁਰਾਹੀਦਾਰ ਜਾਂ ਤੰਗ ਗਲੇ ਵਾਲੇ


www.AKJ.Org

ਭਾਂਡੇ ਵਿੱਚ ਹੱਥ ਪਾ ਕੇ ਛੋਲਿਆਂ ਦੀ ਮੁੱਠੀ ਭਰਦਾ ਹੈ। ਹੱਥ ਬਾਹਰ ਕੱਢਣ ਲਈ ਮੁੱਠੀ ਖੋਲਣੀ ਪੈਂਦੀ ਹੈ ਤੇ ਉਹ ਲਾਲਚ ਵਿੱਚ ਫਸਿਆ ਮੁੱਠੀ ਖੋਲ੍ਹਦਾ ਨਹੀਂ।

ਗੁਰਬਾਣੀ ਬਾਰ ਬਾਰ ਸਾਡੇ ਮਨ ਨੂੰ ਠੋਕਰ ਮਾਰਦੀ ਹੈ ਕਿ ਲਾਲਚ ਅਧੀਨ ਕੀਤੇ ਕਰਮ ਦਾ ਫਲ ਬਾਂਦਰ ਦੇ ਕਰਮ ਨਾਲੋਂ ਉੱਚੀ ਸਤਰ ਵਾਲਾ ਨਹੀਂ ਹੈ।

ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ॥ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ॥ ਗਉੜੀ ਕਬੀਰ-੩੩੬)

ਮਾਇਆ ਭਾਵੇਂ ਜ਼ਹਿਰ ਭਰੀ ਹੈ ਪਰ ਇਸ ਦਾ ਪ੍ਰਭਾਵ ਬਹੁਤ ਹੋਣ ਤੇ ਇਸ ਦੀ ਖਿੱਚ ਯਕੀਨੀ ਹੈ। ਮਾਇਆ ਵਿਚ ਰਹਿ ਕੇ ਮਾਇਆ ਰਹਤ ਹੋਣਾ ਬ੍ਰਹਮ ਗਿਆਨੀ ਨੂੰ ਹੀ ਬਣਦਾ ਹੈ ਨਹੀਂ ਤਾਂ ਇਸ ਦੇ ਸੁਆਦ ਵਿਚ ਲੋਭਾਇਮਾਨ ਬੰਦਾ ਭਰਮ ਤੇ ਅਗਿਆਨਤਾ ਵਿਚ ਗਲਤਾਨ ਟਿਕਦਾ ਨਹੀਂ ਤੇ ਕੋਹਲੂ ਦੇ ਬਲਦ ਵਾਂਗਰ ਜੰਮਣ ਮਰਣ ਦੇ ਗੇੜ ਨੂੰ ਤਿਆਗਦਾ ਨਹੀਂ। ਇਹ ਜਮਾਂ ਦਾ ਇਸਤਰਾਂ ਸ਼ਿਕਾਰ ਬਣਦਾ ਹੈ ਜਿਉ ਮੱਛੀ ਲੋਭ ਵਿਚ ਆਪਣੇ ਗਲ ਕੁੰਡੀ ਪਵਾਉਂਦੀ ਹੈ। ਸਤਿਗੁਰੂ ਦਾ ਫਰਮਾਨ ਹੈ।

ਬਸੰਤ ਮਹਲਾ ੧॥

ਮਨੁ ਭੂਲਉ ਭਰਮਸਿ ਆਇ ਜਾਇ॥
ਅਤਿ ਲੁਬਧ ਲੁਭਾਨਉ ਬਿਖਮ ਮਾਇ॥
ਨਹ ਅਸਥਿਰ ਦੀਸੈ ਏਕ ਭਾਇ॥
ਜਿਉ ਮੀਨ ਕੁੰਡਲੀਆ ਕੰਠਿ ਪਾਇ॥
(੧੧੮੭)

ਲੋਭ ਦੇ ਭਿੰਨ ਭਿੰਨ ਰੂਪ ਹਨ, ਪਰ ਵਾਸਤਵ ਵਿਚ ਸਭ ਰੋਗ ਹਨ। ਨੱਕ ਨੂੰ ਸੁੰਘਣ ਦਾ ਚਾਅ, ਕੰਨਾਂ ਨੂੰ ਸੁਨਣ ਦਾ ਰਸ, ਚਮੜੀ ਨੂੰ ਪਰਸਣ ਦਾ ਚਸਕਾ, ਅੱਖਾਂ ਨੂੰ ਤੱਕਣ ਦਾ ਲਾਲਚ ਜਿਹਬਾ ਨੂੰ ਚੱਖਣ ਦਾ ਸੁਆਦ ਤੇ ਸਭਨਾਂ ਦੇ ਸਰਦਾਰ ਮਨ ਨੂੰ ਮਾਇਆ ਸੰਚਣ ਦਾ ਲੋਭ ਹੈ। ਈਹਾਂ ਬੰਦਾ ਰੱਜਦਾ ਨਹੀਂ, ਬੇਸਬਰਾ ਭੁੱਖੇ ਦਾ ਭੁੱਖਾ ਰਹਿੰਦਾ ਹੈ ਤੇ ਉਹਾਂ, ਪੈਰਾਂ ਵਿੱਚ ਅਉਗਣ ਰੂਪ ਬੇੜੀਆਂ ਹੋਣ ਕਰ ਕੇ ਜਾਣ ਜੋਗਾ ਨਹੀਂ।

ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥
ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥੩॥
(ਬਸੰਤੁ ਹਿੰਡੋਲੁ ਮਹਲਾ ੧-(੧੧੯੦-੧੧੯੧)

ਜੀਵ ਤੋਂ ਲੋਭ ਦੀ ਕਰਤੂਤਿ ਛੁਪੀ ਨਹੀਂ, ਇਹ ਸਭ ਕਿਛ ਦੇਖਦਾ, ਸੁਣਦਾ, ਚੱਖਦਾ ਹੈ, ਲੋਭ ਦੀਆਂ ਕਹਾਣੀਆਂ ਸੁਣਦਾ ਹੈ, ਇਸ ਨੂੰ ਜ਼ਬਾਨ ਦੇ ਚਸਕੇ ਕਾਰਨ ਅਸਾਧ ਰੋਗ ਵਿਚ ਗ੍ਰਸੇ ਰੋਗੀਆਂ ਦੀ ਦਸ਼ਾ ਦਾ ਗਿਆਨ ਵੀ ਹੈ, ਇਸ ਨੇ ਲਾਲਚ ਅਧੀਨ ਮੱਖੀ ਦਾ ਮਿੱਠੇ ਤੇ ਬੈਠਣ, ਤੇ ਮੌਤ ਦੀ ਝੋਲੀ ਵਿਚ ਡਿੱਗਣ ਦਾ ਦ੍ਰਿਸ ਵੀ ਤੱਕਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਇਸ ਦੇ ਹਿਰਦੇ ਦੀ ਅੰਤਰਲੀ ਤਹਿ ਤੇ ਕੋਈ ਉਪਦੇਸ਼ ਨਹੀਂ ਵੱਸਦਾ। ਮਿਸਾਲ ਵਜੋਂ ਹੋਣੀ ਤੇ ਸ਼ਿਕਾਰੀ ਦੀ ਕਰਨੀ ਤੇ ਨੀਤੀ ਮਿਲਦੀ ਜੁਲਦੀ ਹੈ। ਇਕ ਦਾ ਸ਼ਿਕਾਰ ਇਨਸਾਨ ਹੈ,ਦੂਜੇ ਦਾ ਪੰਛੀ। ਫੜਨ ਲਈ ਦੋਨੋ ਜਾਲ ਬਿਛਾਉਂਦੇ ਹਨ, ਇਕ ਦਾ ਚੋਗ ਮਾਇਆ ਹੈ, ਦੂਜੇ ਦਾ ਅਨਾਜ ਦਾ ਦਾਣਾ। ਲਾਲਚ ਵਿਚ ਅੰਨਿਆਂ ਨੂੰ ਆਪਣਾ ਚੋਗ ਦਿਖਾਈ ਦਿੰਦਾ ਹੈ, ਜਾਲ ਨਹੀਂ ਦਿੱਸਦਾ। ਦੋਨੋ ਫੜੇ ਜਾਂਦੇ ਹਨ ਤੇ ਕਾਲ ਦੇ ਮੂੰਹ ਦਾ ਨਿਵਾਲਾ (ਬੁਰਕੀ) ਬਣਦੇ ਹਨ। ਸਤਿਗੁਰੂ ਦਾ ਫਰਮਾਨ ਹੈ।

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥
(ਸਿਰੀ ਰਾਗੁ ਮਹਲਾ ੫-੫੦)

ਮਾਇਕ ਲੋਭ ਤੋਂ ਨਿਰਲੇਪ ਰਹਣ ਦੀ ਜੁਗਤੀ ਦਾ ਗਿਆਨ ਅਤਿਅੰਤ ਜ਼ਰੂਰੀ ਹੈ ਕਿਉਂਕਿ ਅਸੀਂ ਜਿਸ ਸੰਸਾਰ ਵਿਚ ਰਹਿੰਦੇ ਹਾ ਤੇ ਗ੍ਰਹਿਸਤ ਜੀਵਨ ਬਿਤਾਉਂਦੇ ਹਾਂ, ਉਸ ਵਿਚ ਮਾਇਆ ਬਿਨ ਗੁਜ਼ਾਰਾ ਨਹੀਂ। ਪਰ ਇਹ ਜ਼ਰੂਰੀ ਨਹੀਂ ਕਿ ਮਾਇਆ ਦੀ ਥੁੜ ਵਿਖੇ ਹੀ ਕੋਈ ਅਕਾਲ ਪੁਰਖ ਨਾਲ ਜੁੜੇ ਜਾ ਮਾਇਆ ਹੋਣ ਕਰਕੇ ਮਾਇਆ ਨਾਗਣੀ ਉਸ ਨੂੰ ਡੱਸਣ ਵਿਚ ਸਫਲ ਹੋਵੇ। ਸਾਰੇ ਧਨਹੀਨਾਂ ਨੂੰ ਮਾਨਸਕ ਸੰਤੁਲਤਾ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਸਾਰੇ ਧਨੀ ਪੁਰਸ਼ ਐਬੀ ਨਹੀਂ ਹੁੰਦੇ। ਦੂਸਰੇ ਸ਼ਬਦਾਂ ਵਿਚ ਮਾਇਆ ਦਾ ਲਾਭਦਾਇਕ ਜਾਂ ਹਾਨੀਕਾਰਕ ਹੋਣਾ, ਉਸ ਦੀ ਯੋਗ-ਅਯੋਗ ਸੰਭਾਲ, ਤੇ ਵਰਤੋ-ਕੁਵਰਤੋਂ ਤੇ ਅਧਾਰਤ ਹੈ।

ਇਕ ਸਰਕਾਰੀ ਖਜ਼ਾਨਚੀ ਮਾਇਆ ਵਿਚ ਖੇਲਦਾ ਹੈ, ਪਰ ਉਹ ਚੰਗੀ ਤਰਾਂ ਜਾਣਦਾ ਹੈ ਕਿ ਇਹ ਮਾਇਆ ਮੇਰੀ ਨਹੀਂ, ਇਸ ਲਈ ਮਾਇਆ ਦੇ ਆਉਣ ਜਾਣ ਦੇਖਣ, ਪਰਸਣ ਵਿੱਚ ਖੁੱਭਦਾ ਨਹੀਂ ਤੇ ਲੋਭ ਕਰਕੇ ਦੁਖੀ ਨਹੀਂ ਹੁੰਦਾ। ਦੂਜੇ ਪਾਸੇ ਮਾਇਆ ਨੂੰ ਮੇਰੀ ਸਮਝਣ ਵਾਲਾ ਕਦੇ ਹਰਖ ਤੇ ਕਦੇ ਸੋਗ ਵਿਚ ਸੁਖੀ ਜਾਂ ਦੁਖੀ ਹੁੰਦਾ ਹੈ। ਜਿਸ ਪੁਰਸ਼ ਨੂੰ ਇਸ ਦਾ ਮੋਹ ਨਹੀਂ, ਇਸ ਦਾ ਲੋਭ ਨਹੀਂ, ਜਿਸ ਹਿਰਦੇ ਵਿਚ ਕਬਜੇ ਦੀ ਭਾਵਨਾ ਨਹੀਂ, ਉਹ ਇਸ ਦੀ ਪਕੜ ਤੋਂ ਸੁਤੰਤਰ ਹੈ। ਇਹ ਜੁਗਤੀ ਸਮਝਣ ਲਈ ਤੇ ਕਹਿਣ ਲਈ ਸੌਖੀ ਹੈ ਪਰ ਇਸ ਨੂੰ ਅਮਲ ਵਿਚ ਲਿਆਉਣਾ ਅਤਿਅੰਤ ਔਖਾ ਹੈ। ਜੇਬ ਵਿੱਚ ਰੱਖੀ ਮਾਇਆ ਨੂੰ ਹਰੇਕ ਪੁਰਸ਼ ਬਾਹਰ ਕੱਢ ਸਕਦਾ ਹੈ ਪਰ


www.AKJ.Org

ਜਦ ਮਨ ਵਿੱਚ ਵੱਸ ਗਈ ਤੇ ਖੂਨ ਵਿਚ ਰੱਚ ਗਈ ਤਾਂ ਇਸ ਨੂੰ ਕੱਢਣ ਦਾ ਦਾਅਵਾ ਕੋਈ ਪੁਰਸ਼ ਨਹੀਂ ਕਰ ਸਕਦਾ। ਇਹ ਸਾਡੀ ਦਸ਼ਾ ਹੈ ਕਿ ਅਸੀਂ ਮਾਇਆ ਨੂੰ ਉਸ ਲੋਭ ਕਰਕੇ ਤੱਖਦੇ ਹਾਂ ਤੇ ਉਸ ਖੂਨ ਨਾਲ ਰਚਾਉਂਦੇ ਹਾਂ, ਜਿਹੜਾ ਮਾਇਆ ਦੇ ਕੱਢਣ ਨਾਲ ਆਪ ਵੀ ਬਾਹਰ ਆਵੇਗਾ।

ਲੋਭ ਦੀ ਦੁਰਮਤਿ ਮੈਲ ਨਾਲ ਦੂਸ਼ਤ ਹੋਏ ਖੂਨ ਨੂੰ ਗੁਰਦੇਵ ਜੀ ਨੇ ਲੋਭ ਰਤ ਆਖਿਆ ਹੈ। ਬਾਬਾ ਫਰੀਦ ਜੀ ਦਾ ਬਚਨ ਸੀ ਕਿ ਜੇ ਕੋਈ ਸਰੀਰ ਨੂੰ ਕਿਸੇ ਸ਼ਸਤਰ ਨਾਲ ਚੀਰ ਕੇ ਤੱਕੇ ਤਾਂ ਉਸ ਨੂੰ ਰੱਤੀ ਭਰ ਵੀ ਰੱਤ ਨਹੀਂ ਮਿਲੇਗਾ, ਕਿਉਂਕਿ ਜਿਹੜੇ ਪੁਰਸ਼ ਆਪਣੇ ਕਰਤਾਰ ਦੇ ਪਿਆਰ ਵਿਚ ਰੱਤੇ ਹਨ ਉਨ੍ਹਾਂ ਵਿੱਚ ਰੱਤ ਨਹੀਂ ਹੁੰਦਾ।

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥੫੧॥
(੧੩੮੦)

ਤੀਸਰੇ ਪਾਤਸ਼ਾਹ ਜੀ ਕੋਲ ਸ਼ੇਖ ਫਰੀਦ ਜੀ ਦੇ ਸਲੋਕ ਮੌਜੂਦ ਸਨ। ਉਨ੍ਹਾਂ ਨੇ ਗੁਰਸਿਖਾਂ ਨੂੰ ਗਲਤ ਫਹਮੀ ਤੋਂ ਸਾਵਧਾਨ ਰੱਖਣ ਲਈ ਤੇ ਫਰੀਦ ਜੀ ਦੇ ਨਿਰਾਸਤਾ ਭਰੇ ਵਿਚਾਰਾਂ ਵਿਚ ਆਸ਼ਾ ਦੀ ਕਿਰਨ ਜਗਾਉਣ ਲਈ ਆਪਣੇ ਸੁੰਦਰ ਵਿਚਾਰ ਅੰਕਿਤ ਕੀਤੇ ਕਿ ਪ੍ਰਭੂ ਦੇ ਪਿਆਰ ਵਿਚ ਰੰਗੇ ਪੁਰਸ਼ਾਂ ਵਿਚ ਇਹ ਖੂਨ ਤਾਂ ਹੁੰਦਾ ਹੈ ਪਰ ਲੋਭ ਦਾ ਖੂਨ ਨਹੀਂ ਹੁੰਦਾ। ਪਰਮਾਤਮਾ ਦਾ ਡਰ, ਡਿਸਿਪਲਿਨ ਅਨੁਸ਼ਾਸਨ ਹੁਕਮ ਵਿਚ ਰਹਿਣਾ ਦੈਵੀ ਨਿਯਮਾਂ ਦਾ ਪਾਲਣਾ ਆਦਿ ਇਨ੍ਹਾਂ ਨਾਲ ਲੋਭ ਰੱਤ ਨਿਕਲਣਾ ਦੁਰਮਤਿ ਮੈਲ ਦੂਰ ਹੁੰਦੀ ਤੇ ਸਰੀਰ ਹਲਕਾ ਫੁਲਤਾ ਨਿਰਮਲ ਤੇ ਸ਼ੁੱਧ ਹੁੰਦਾ ਹੈ।

ਮ: ੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭ ਰਤੁ ਨ ਹੋਇ॥ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥੫੨ ॥ (੧੩੮੦)

ਲੋਭ ਨਾ ਕੇਵਲ, ਦੁਨਿਆਵੀ ਰਿਸ਼ਤਿਆਂ ਵਿਚ ਪਾੜਾ ਪਾਉਂਦਾ, ਮਨ ਦੀ ਅਡੋਲਤਾ ਵਿੱਚ ਭੰਗ ਪਾਉਂਦਾ ਤੇ ਸਮਾਜ ਵਿੱਚ ਨਜ਼ਰਾਂ ਤੋਂ ਗਿਰਾਉਂਦਾ ਹੈ, ਰੂਹਾਨੀ ਮਾਰਗ ਵਿੱਚ ਵੀ ਭਾਂਤ ਭਾਂਤ ਦੀਆਂ ਰੁਕਾਵਟਾਂ ਖੜੀਆਂ ਕਰਦਾ ਹੈ। ਜਿਸ ਦੇ ਮਨ ਦੀ ਝਾਕ ਵੱਧ ਤੋਂ ਵੱਧ ਪ੍ਰਾਪਤ ਕਰਨ ਵਿਚ ਹੋਵੇ, ਉਥੇ ਨਾਮ ਸਿਮਰਨ, ਉਸਤਤਿ ਵਡਿਆਈ ਨੂੰ ਥਾਂ ਨਹੀਂ ਮਿਲੇਗੀ। ਉਸ ਨੂੰ ਪਰਮਾਤਮਾ ਯਾਦ ਹੀ ਨਹੀਂ ਆਵੇਗਾ ਤੇ ਲੋਭ ਕੰਧ ਵਾਂਗ ਸਾਮ੍ਹਣੇ ਆ ਜਾਵੇਗਾ। ਇਹ ਮੱਥੇ ਦੇ ਮੰਦੇ ਭਾਗਾਂ ਦੀ ਨਿਸ਼ਾਨੀ ਹੈ ਤੇ ਗੁਰਦੇਵ ਜੀ ਨੇ ਉਸ ਨੂੰ ਮਨਮੁਖ, ਮੂੜ ਤੇ ਅਗਿਆਨੀ ਦੇ ਨਾਮ ਨਾਲ ਪੁਕਾਰਿਆ ਹੈ

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥
(ਰਾਗੁ ਟੋਡੀ ਮਹਲਾ ੪-ਘਰੁ ੧-੭੧੧)

ਸਤਿਗੁਰੂ ਦੇ ਉਪਦੇਸ਼ ਨਾਮ ਸਿਮਰਨ ਤੇ ਬਿਬੇਕ ਬੁੱਧੀ ਨਾਲ ਹੀ ਜੀਵ ਦਾ ਪਾਰ ਉਤਾਰਾ ਹੁੰਦਾ ਹੈ। ਜਦ ਮਸਤਕ ਦੇ ਸੁੱਤੇ ਭਾਗ ਜਾਗਦੇ ਹਨ ਤਦ ਲੋਭ ਦਾ ਰੂਪ ਹੀ ਬਦਲ ਜਾਂਦਾ ਹੈ।

ਮਹਾਨ ਆਤਮਾਵਾਂ ਵਿੱਚ ਸੁਆਰਥ, ਕੁਨਬਾ ਪਰਵਰੀ, ਪਰ ਧਨ ਪਰ ਭੂਮੀ ਦੇ ਕਬਜ਼ੇ ਦੀ ਚਾਹ ਬਿਲਕੁਲ ਨਹੀਂ ਹੁੰਦੀ ਇਸ ਕਰਕੇ ਦੁਨਿਆਵੀ ਪਦਾਰਥਾ ਦਾ ਲੋਭ ਉਨ੍ਹਾਂ ਨੂੰ ਪੋਹੰਦਾ ਨਹੀਂ। ਪਰ ਉਨ੍ਹਾਂ ਵਿਚ ਵੀ ਕੁਝ ਕਰਨ ਦੀ ਇੱਛਾ ਤੇ ਸੰਚਣ ਦੀ ਤਮੰਨਾ ਹੁੰਦੀ ਹੈ ਪਰ ਇਹ ਸਭ ਕਿਛ ਆਪਣੇ ਲਈ ਨਹੀਂ, ਦੂਜਿਆਂ ਲਈ ਹੁੰਦੀ ਹੈ। ਬੰਦਾ ਚਾਹੇ ਬੰਦੇ ਕੋਲੋਂ ਮੰਗੇ, ਚਾਹੇ ਦੇਣਹਾਰ ਦਾਤਾਰ ਤੋਂ, ਪਰ ਸੱਚੇ ਸੰਤ ਜਨ ਕੇਵਲ ਦਾਤਾਰ ਪਿਤਾ ਅੱਗੇ ਹੀ ਆਪਣਾ ਦਾਮਨ ਫੈਲਾਉਂਦੇ ਹਨ। ਦਸਮੇਸ਼ ਪਿਤਾ ਜੀ ਨੇ ਆਪਣੀ ਤੇ ਪਰਿਵਾਰ ਦੀ ਲੰਮੀ ਆਯੂ ਨਹੀਂ ਮੰਗੀ। ਸਾਹਿਬਜ਼ਾਦਿਆਂ ਨੂੰ ਗੁਰਿਆਈ ਦੇਣ ਦਾ ਸੰਕੇਤ ਨਹੀਂ ਦਿੱਤਾ, ਕੇਵਲ ਸ਼ੁਭ ਕਰਮ ਕਰਨ, ਟੁੱਟਿਆਂ ਨੂੰ ਜੋੜਨ, ਦੁਸ਼ਟਾਂ ਦਾ ਨਾਸ਼ ਕਰਨ ਤੇ ਸਦਾ ਸੰਤ ਤੇ ਭਲੇ ਪੁਰਸ਼ਾਂ ਦੀ ਸਹਾਇਤਾ ਕਰਨ, ਚਣੌਤੀ ਭਰੇ ਹਾਲਾਤ ਤੋਂ ਨਾ ਡਰਨ, ਅਤਿ ਹੀ ਰਣ ਵਿਚ ਜੁਝ ਕੇ ਮਰਨ ਤੇ ਜਿੱਤ ਪ੍ਰਾਪਤ ਕਰਨ ਤੇ ਪ੍ਰੇਮ ਭਾਵਨਾ ਨਾਲ ਅਕਾਲ ਪੁਰਖ ਦੇ ਗੁਣ ਗਾਉਣ ਦਾ ਬਰ ਮੰਗਿਆ ਹੈ। ਇਹ ਸੀ ਹਜ਼ੂਰ ਦੀ ਖਾਹਸ਼ ਤੇ ਤਮੰਨਾ, ਇਹੋ ਹੀ ਗੁਰਦੇਵ ਜੀ ਦਾ ਲਾਲਚ ਸੀ ਜਿਸ ਬਾਰੇ ਗੁਰਦੇਵ ਜੀ ਨੇ ਫੁਰਮਾਨ ਬਖਸ਼ਿਆ ।

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥ਨ ਡਰੋਂ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋਂ॥ਅਰੁ ਸਿਖ ਹੌ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋ॥ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ॥ (ਚੰਡੀ ਚਰਿਤ੍ਰ)

▪ ▪ ▪ ▪ ▪ ▪



www.AKJ.Org

# ਗੁਰੂ ਅਮਰਦਾਸ ਜੀ ਦੇ ਉਪਦੇਸ਼

(ਸ: ਮਹਿੰਦਰ ਸਿੰਘ ਜੋਸ਼)

ਗੁਰੂ ਅਮਰਦਾਸ ਜੀ ਨੇ ਸਾਢੇ ਬਾਈ ਸਾਲਾਂ ਤੋਂ ਵੀ ਵਧੀਕ ਸਮਾਂ ਗੁਰੂ ਨਾਨਕ ਪਾਤਸ਼ਾਹ ਦੇ ਤੀਜੇ ਜਾਮੇ ਦੇ ਤੌਰ ਤੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਅਰਸੇ ਤੀਕ ਆਪ ਗੁਰੂ ਅੰਗਦ ਦੇਵ ਜੀ ਦੀ ਸੇਵਾ ਅਰ ਸੰਗਤ ਵਿੱਚ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਰਚੀ ਬਾਣੀ ਦਾ ਅਭਿਆਸ ਵਿਚਾਰ ਕਰਦੇ ਰਹੇ। ਗੁਰੂ ਅੰਗਦ ਦੇਵ ਜੀ ਪਾਸੋਂ ਗੁਰਮਤਿ ਦੇ ਹਰ ਵਿਸ਼ੇ ਉੱਤੇ ਆਤਮਕ ਵਿਆਖਿਆ ਲੈਂਦੇ ਰਹੇ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਉਨ੍ਹਾਂ ਹੀ ਗੁਰਮਤਿ ਸਿਧਾਂਤਾਂ ਅਤੇ ਅਕੀਦਿਆਂ ਨੂੰ ਦ੍ਰਿੜ ਕਰਵਾਉਣ ਅਥਵਾ ਵਿਆਖਿਆ ਕਰਨ ਹਿਤ ਰਚੀ ਸੀ। ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ ਜੋ ਉਪਦੇਸ਼ ਦਿੱਤੇ, ਉਹ ਇਸ ਲੇਖ ਵਿਚ ਹੇਠਾਂ ਦਰਜ ਹਨ।

(੧) ਮਨੁੱਖਾ ਜੀਵਨ ਦਾ ਮਨੋਰਥ :-

ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਅੰਦਰ ਦ੍ਰਿੜ ਕਰਵਾਇਆ ਹੈ ਕਿ ਮਨੁੱਖਾ ਜਨਮ ਵਿਸ਼ਿਆ ਵਿਕਾਰਾਂ ਵਿੱਚ ਬਰਬਾਦ ਕਰਨ ਲਈ ਨਹੀਂ। ਗੁਰੂ ਜੀ ਮਨੁੱਖ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਜਿਸ ਹਰੀ ਨੇ ਤੇਰੇ ਸਰੀਰ ਦੀ ਸਿਰਜਨਾ ਕੀਤੀ ਹੈ, ਉਸ ਨੂੰ ਆਪਣੇ ਮਨ ਵਿੱਚ ਵਸਾ। ਇਹ ਮਨੁੱਖਾ ਜਨਮ ਪ੍ਰਮਾਤਮਾ ਨਾਲ ਇਕ-ਮਿਕ ਹੋਣ ਲਈ ਹੀ ਮਿਲਿਆ ਹੈ। ਜਿਹੜੇ ਮਨੁੱਖਾਂ ਨੇ ਸਤਿਗੁਰੂ ਦੇ ਉਪਦੇਸ਼ ਵਿੱਚ ਚਿਤ ਲਗਾ ਕੇ ਪ੍ਰਮੇਸ਼ਰ ਨੂੰ ਆਪਣੇ ਮਨ ਵਿੱਚ ਨਹੀ ਵਸਾਇਆ, ਉਨ੍ਹਾਂ ਦੇ ਜੀਵਨ ਤੇ ਸਤਿਗੁਰੂ ਧ੍ਰਿਕਾਰ ਪਾਉਂਦੇ ਹਨ। ਫੁਰਮਾਨ ਹੈ -

ਸਤਿਗੁਰ ਸਿਉ ਚਿਤੁ ਨ ਲਾਇਓ,
ਨਾਮੁ ਨ ਵਸਿਓ ਮਨ ਆਇ॥
ਧ੍ਰਿਗ ਇਵੇਹਾ ਜੀਵਿਆ ਕਿਆ,
ਜੁਗ ਮਹਿ ਪਾਇਆ ਆਇ॥
(ਮ: ੩, ਪੰਨਾ ੫੧੦)

(੨) ਇੱਕ ਅਕਾਲ-ਪੁਰਖ ਉੱਤੇ ਦ੍ਰਿੜ ਵਿਸ਼ਵਾਸ਼ :-

ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਕੇਵਲ ਮਾਤਰ ਇਕੋ-ਇਕ ਪ੍ਰਮੇਸ਼ਰ ਦਾ ਓਟ ਆਸਰਾ ਲੈਣ ਦੀ ਤਾਕੀਦ ਕੀਤੀ ਹੈ। ਪ੍ਰਮਾਤਮਾ ਸਰਬ ਸ਼ਕਤੀਮਾਨ ਹੈ ਅਤੇ ਉਸ ਜਿਤਨੀ ਵੱਡੀ ਹੋਰ ਕੋਈ ਹਸਤੀ ਨਹੀਂ। ਫ਼ਰਮਾਨ ਹੈ-

ਜੋ ਤੇਰੀ ਸਰਣਾਈ ਹਰਿ ਜੀਉ,
ਤਿਨ ਤੂ ਰਾਖਨ ਜੋਗੁ॥
ਤੁਧੁ ਜੇਵਡ ਮੈ ਅਵਰੁ ਨ ਸੂਝੈ, ਪੰਨਾ,
ਨ ਕੋ ਹੋਆ ਨ ਹੋਗੁ॥ (ਪੰਨਾ, ੧੩੩੩)

(੩) ਪ੍ਰਮੇਸ਼ਰ ਪ੍ਰਾਪਤੀ ਦੇ ਸਾਧਨਾਂ ਬਾਰੇ:-

ਗੁਰੂ ਅਮਰਦਾਸ ਜੀ ਨੇ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸਿੱਧਾ ਤੇ ਸਰਲ ਉਪਾਅ ਦੱਸਿਆ ਹੈ ਅਤੇ ਹੋਰ ਮਨਮਤੀ ਸਾਧਨਾਂ ਦਾ ਖੰਡਨ ਕੀਤਾ ਹੈ। ਪ੍ਰਭੂ, ਗੁਰੂ ਦੇ ਸ਼ਬਦ ਦੀ ਕਮਾਈ ਅਤੇ ਸਤਿਸੰਗ ਰਾਹੀਂ ਹੀ ਮਿਲਦਾ ਹੈ, - ਮਨ ਹਠ ਨਾਲ ਨਹੀਂ। ਆਪ ਜੀ ਦਾ ਫੁਰਮਾਨ ਹੈ-

ਮਨਹਠਿ ਕਿਤੈ ਉਪਾਇ ਨ ਛੂਟੀਐ,
ਸਿਮ੍ਰਿਤ ਸਾਸਤ੍ਰ ਸੋਧਹੁ ਜਾਇ॥
ਮਿਲਿ ਸੰਗਤਿ ਸਾਧੂ ਉਬਰੇ,
ਗੁਰ ਦਾ ਸਬਦ ਕਮਾਇ॥ (ਪੰਨਾ ੬੫)

(੪) ਜਾਤ-ਪਾਤ ਦਾ ਖੰਡਨ :-

ਜਾਤ ਪਾਤ ਦੇ ਵਿਤਕਰੇ ਮੰਨਣ ਵਾਲਾ ਵਰਨ-ਆਸ਼ਰਮੀ ਧਰਮ, ਜਨਮ ਅਤੇ ਜਾਤਪਾਤ ਦੇ ਆਧਾਰ ਤੇ ਮਨੁੱਖ ਦਾ ਉੱਚਾ ਨੀਵਾਂ ਹੋਣਾ ਮੰਨਦਾ ਹੈ। ਗੁਰਮਤਿ ਅਨੁਸਾਰ ਸਭ ਮਨੁੱਖ ਇੱਕ ਪ੍ਰਮੇਸ਼ਰ ਦੀ ਅੰਸ਼ ਹੋਣ ਕਾਰਨ ਬਰਾਬਰ ਹਨ। ਗੁਰੂ ਅਮਰਦਾਸ ਜੀ ਜਾਤ ਦਾ ਹੰਕਾਰ ਕਰਨ ਵਾਲੇ ਨੂੰ ਮੂਰਖ ਕਹਿੰਦੇ ਹਨ। ਫੁਰਮਾਨ ਹੈ-

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
(ਪੰਨਾ ੧੧੨੭)

ਆਪ ਜੀ ਨੇ ਜਾਤ-ਪਾਤ ਦਾ ਪੂਰਨ ਖੰਡਨ ਅਤ ਸਾਂਝੀਵਾਲਤਾ ਅਤੇ ਬਰਾਬਰੀ ਦੇ ਸਿਧਾਂਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਈ ਕਦਮ ਚੁੱਕੇ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ- ਬਾਉਲੀ ਬਨਾਉਣਾ ਅਤੇ ਇਹ ਐਲਾਨ ਕਰਨਾ ਕਿ ਦੀਵਾਨ ਵਿੱਚ ਕੇਵਲ ਉਹੀ ਆ ਸਕਣਗੇ ਜੋ ਪਹਿਲਾ ਸਾਂਝੇ ਲੰਗਰ ਵਿਚੋਂ ਪ੍ਰਸ਼ਾਦਾ ਛਕ ਲੈਣਗੇ

(੫) ਸਤੀ ਦੀ ਰਸਮ ਦਾ ਖੰਡਨ :-

ਗੁਰੂ ਅਮਰਦਾਸ ਜੀ ਨੇ ਸਪਸ਼ਟ ਤੌਰ ਤੇ ਕਿਹਾ ਕਿ ਉਹ ਇਸਤਰੀ ਸਤੀ ਨਹੀਂ ਕਹੀ ਜਾ ਸਕਦੀ ਜੋ ਪਤੀ ਦੀ ਲੋਥ ਨਾਲ ਸੜ ਸਕਦੀ ਹੈ, ਸਤੀ ਉਹ ਹੈ ਜੋ ਪਤੀ ਦੇ ਵਿਛੋੜੇ ਦੀ ਚੋਟ ਨੂੰ ਸਹਿੰਦਿਆਂ ਪ੍ਰਭੂ ਦੇ ਭਾਣੇ ਅੰਦਰ ਜੀਵਨ ਬਤੀਤ ਕਰਦੀ ਹੈ। ਆਪ ਜੀ ਦਾ ਫੁਰਮਾਨ ਹੈ-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ॥
(ਪੰਨਾ ੭੮੭)

ਆਪ ਜੀ ਨੇ ਸਤੀ ਦੀ ਅਖੌਤੀ ਅਣਮਨੁੱਖੀ ਰਸਮ ਨੂੰ ਕਾਨੂੰਨੀ ਤੌਰ ਤੇ ਬੰਦ ਕਰਾਉਣ ਲਈ ਬਾਦਸ਼ਾਹ ਅਕਬਰ



www.AKJ.Org

ਤੇ ਵੀ ਜ਼ੋਰ ਪਾਇਆ।

**(੬) ਵਿਆਹ-ਸ਼ਾਦੀ ਸੰਬੰਧੀ ਸੋਧ :-**

ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਇੱਕ ਅਤੀ ਗਰੀਬ ਅਤੇ ਯਤੀਮ ਲੜਕੇ (ਭਾਈ ਜੇਠਾ ਜੀ) ਨਾਲ ਕੀਤਾ। ਛੋਟੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਵੀ ਇੱਕ ਅਤੀ ਸਾਧਾਰਨ ਸਿੱਖ ਨਾਲ ਕੀਤਾ। ਇਸ ਤਰ੍ਹਾਂ ਕਰਕੇ ਆਪ ਜੀ ਨੇ ਇਸ ਸਿਲਸਿਲੇ ਵਿੱਚ ਸਾਰਿਆਂ ਨੂੰ ਅਮਲੀ ਸਿੱਖਿਆ ਦਿੱਤੀ ਕਿ ਰਿਸ਼ਤਾ ਨਾਤਾ ਟੋਲਣ ਲਈ ਜਾਤ-ਪਾਤ, ਗੋਤ, ਮਾਇਕ ਅਵਸਥਾ ਆਦਿਕ ਦੇ ਆਧਾਰ ਹੋਛੇ ਹਨ। ਸਰੀਰਕ ਮੇਲ, ਸੁਭਾਅ ਦਾ ਮੇਲ, ਗੁਣਾਂ ਦੇ ਮੇਲ ਅਤੇ ਸਭ ਤੋਂ ਵੱਧ ਜ਼ਰੂਰੀ ਗੁਰਮਤਿ ਧਾਰਨ ਸੰਬੰਧੀ ਮੇਲ ਨੂੰ ਨਜ਼ਰ-ਗੋਚਰੇ ਕਰਨਾ ਚਾਹੀਦਾ ਹੈ।

**(੭) ਸਾਧੂ ਦੇ ਲੱਛਣ :-**

ਗੁਰੂ ਅਰਮਦਾਸ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ ਆਪਣੇ ਪੇਟ ਅਥਵਾ ਸੁਆਰਥ ਖਾਤਰ ਅਨੇਕਾਂ ਭੇਖ ਧਾਰਦੇ ਹਨ ਅਤੇ ਜੋ ਕਿਰਤ ਕਾਰ ਛੱਡ ਕੇ ਹੋਰਨਾਂ ਉੱਤੇ ਭਾਰ ਬਣ ਕੇ ਉਨ੍ਹਾਂ ਦੇ ਘਰੋਂ ਉਦਰ-ਪੂਰਤੀ ਕਰਦੇ ਹਨ, ਉਨ੍ਹਾਂ ਨੂੰ ਸਾਧੂ ਅਥਵਾ ਧਰਮੀ ਮਨੁੱਖ ਨਹੀਂ ਸਮਝਿਆ ਜਾ ਸਕਦਾ। ਆਤਮਕ ਮੰਡਲਾਂ ਦੀ ਸੈਰ ਕਰਨ ਵਾਲੇ ਸਾਧੂ ਜਾਂ ਧਰਮੀ ਪੁਰਖ ਅਖਵਾ ਸਕਦੇ ਹਨ ਜੋ ਆਪਣੇ ਪ੍ਰਭੂ ਨੂੰ ਲੱਭ ਲੈਂਦੇ ਹਨ ਅਤੇ ਆਪਣੇ ਹਿਰਦੇ ਵਿੱਚ ਆਤਮਕ ਅਡੋਲਤਾ ਪੈਦਾ ਕਰ ਲੈਂਦੇ ਹਨ। ਯਥਾ -

**ਅਭਿਆਗਤ ਸੇਈ ਨਾਨਕਾ, ਜਿ ਆਤਮ ਗਉਣੁ ਕਰੇਨਿ॥**
**ਭਾਲਿ ਲਹਨਿ ਸਹੁ ਆਪਣਾ, ਨਿਜ ਘਰਿ ਰਹਣੁ ਕਰੇਨਿ॥**

(ਪੰਨਾ ੯੪੯)

**(੮) ਮੰਗ ਕੇ ਖਾਣ ਦਾ ਵਿਰੋਧ :-**

ਗੁਰੂ ਅਮਰਦਾਸ ਜੀ ਨੇ ਬੜੇ ਸਾਫ਼ ਲਫ਼ਜ਼ਾਂ ਵਿੱਚ ਮੰਗ ਖਾਣ ਦਾ ਅਰ ਵਿਹਲੜ ਤੇ ਮਖੱਟੂ ਬਣ ਕੇ ਸਮਾਜ ਤੇ ਭਾਰ ਪਾਣ ਦਾ ਵਿਰੋਧ ਕੀਤਾ ਹੈ । ਯਥਾ -

**ਜੋਗੀ ਹੋਵਾ ਜਗਿ ਭਵਾਂ, ਘਰਿ ਘਰਿ ਭੀਖਿਆ ਲੇਉ॥**
**ਦਰਗਹ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ॥**

(ਪੰਨਾ ੧੦੮੯)

**(੯) ਕੇਵਲ ਗੁਰਬਾਣੀ ਤੋਂ ਰਹਿਨੁਮਾਈ ਦੀ ਲੋੜ :-**

ਗੁਰਬਾਣੀ ਹੀ ਇਸ ਸੰਸਾਰ ਵਿੱਚ ਆਤਮਕ ਮਾਰਗ ਦਾ ਰਾਹ ਰੋਸ਼ਨ ਕਰਨ ਲਈ ਚਾਨਣੇ ਦਾ ਕੰਮ ਕਰਦੀ ਹੈ-

*ਗੁਰਬਾਣੀ ਇਸੁ ਜਗ ਮਹਿ ਚਾਨਣੁ॥* (ਪੰਨਾ ੬੭)

ਇਸ ਤੋਂ ਬਿਨਾਂ ਕਿਸੇ ਕੱਚੀ ਬਾਣੀ ਨੂੰ ਕਹਿਣ, ਸੁਣਨ ਤੇ ਮੰਨਣ-ਮਨਾਣ ਵਾਲੇ ਸਭ ਬੰਦੇ ਕੱਚੇ ਹੁੰਦੇ ਹਨ, ਫੁਰਮਾਨ ਹੈ-

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**
**ਕਹਦੇ ਕਚੇ ਸੁਣਦੇ ਕਚੇ, ਕਚੀ ਆਖਿ ਵਖਾਣੀ॥**

(ਪੰਨਾ ੯੨੦)

**(੧੦) ਮਾਇਆ :-** ਮਨੁੱਖ ਦੇ ਪ੍ਰਭੂ ਮਿਲਣ ਦੇ ਰਸਤੇ ਵਿੱਚ ਮਾਇਆ ਬੜੀ ਵੱਡੀ ਰੁਕਾਵਟ ਹੈ। ਗੁਰੂ ਅਮਰਦਾਸ ਜੀ ਨੇ ਬੜੇ ਕਰੜੇ ਲਫ਼ਜ਼ਾਂ ਵਿੱਚ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਤੇ ਕਿਹਾ ਹੈ, ਹੇ ਮਨ ਦੀ ਅਗਵਾਈ ਹੇਠ ਚਲਣ ਵਾਲੇ ਮੂਰਖ ਮਨੁੱਖ । ਤੂੰ ਮਾਇਕ ਪਦਾਰਥਾਂ ਵਿੱਚ ਖੱਚਤ ਨਾ ਹੋ। ਅੰਤ ਨੂੰ ਸੰਸਾਰ ਤੋਂ ਜਾਣ ਸਮੇਂ ਇਨ੍ਹਾਂ ਪਦਾਰਥਾਂ ਨੇ ਤੇਰੇ ਨਾਲ ਨਹੀਂ ਜਾਣਾ। ਆਪ ਜੀ ਦਾ ਫੁਰਮਾਨ ਹੈ-

ਕਾਚਾ ਧਨੁ ਸੰਚਹਿ ਮੂਰਖ ਗਾਵਾਰ॥
ਮਨਮੁਖ ਭੂਲੇ ਅੰਧ ਗਾਵਾਰ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ॥
ਨਾ ਸਾਥਿ ਜਾਇ ਨ ਪਰਾਪਤਿ ਹੋਇ॥

(ਪੰਨਾ ੬੬੫)

ਅੱਗੇ ਇਸ ਤੋਂ ਬਚਣ ਦਾ ਇਲਾਜ ਵੀ ਦਸੱਦੇ ਹਨ-

ਨਾਨਕ ਮਾਇਆ ਕਾ ਮਾਰਣੁ ਸਬਦੁ ਹੈ
ਗੁਰਮੁਖਿ ਪਾਇਆ ਜਾਇ॥ (ਪੰਨਾ ੮੫੩)

**(੧੧) ਹਉਮੈ :-** ਪ੍ਰਮੇਸ਼ਰ ਪ੍ਰਾਪਤੀ ਲਈ ਤੇ ਉੱਚਾ ਆਤਮਕ ਜੀਵਨ ਜੀਉਣ ਲਈ ਹਉਮੈ ਦਾ ਵਿਕਾਰ ਇੱਕ ਬੜੀ ਵੱਡੀ ਰੁਕਾਵਟ ਹੋ ਕੇ ਟਕਰਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਨੁੱਖ ਦਾ ਮਨ ਹਉਮੈ ਦੇ ਮੋਹ ਰੂਪੀ ਜ਼ਹਿਰ ਵਿੱਚ ਬੁਰੀ ਤਰ੍ਹਾਂ ਫਸਿਆ ਰਹਿੰਦਾ ਹੈ ਅਤੇ ਉਸਦਾ ਮਨ ਇਸ ਤਰ੍ਹਾ ਅਜਗਰ ਜਿਡੇ ਵੱਡੇ ਭਾਰ ਨਾਲ ਲਦਿਆ ਰਹਿੰਦਾ ਹੈ। ਕੇਵਲ ਗੁਰੂ ਦੇ ਸ਼ਬਦ ਨਾਲ ਇਸ ਜ਼ਹਿਰ ਨੂੰ ਮਾਰਿਆ ਜਾ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ-

ਹਉਮੈ ਬਿਖੁ ਮਨ ਮੋਹਿਆ, ਲਦਿਆ ਅਜਗਰ ਭਾਰੀ॥
ਗਰੜੁ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ॥

(ਪੰਨਾ ੧੨੬੦)

**(੧੨) ਸੰਗਰਾਂਦ ਪੁੰਨਿਆ ਆਦਿਕ ਦਿਨਾਂ ਦੇ ਭਰਮ :-**

ਗੁਰੂ ਅਮਰਦਾਸ ਜੀ ਨੇ ਗੁਰਸਿੱਖਾਂ ਨੂੰ ਦ੍ਰਿੜਤਾ ਨਾਲ ਇਹ ਤਾਕੀਦ ਕੀਤੀ ਹੈ ਕਿ ਉਹ ਦਿਨਾਂ ਦੇ ਭਾਰੇ ਜਾਂ ਹਲਕੇ ਹੋਣ ਬਾਰੇ ਜਾਂ ਸ਼ੁਭ-ਅਸ਼ੁਭ ਦੇ ਵਹਿਮਾਂ ਵਿੱਚ ਨਾ ਪੈਣ। ਸਤਿਗੁਰਾਂ ਨੇ ਥਿਤਾਂ-ਵਾਰਾਂ ਦੇ ਸ਼ੁਭ-ਅਸ਼ੁਭ ਹੋਣ ਦੇ ਵਹਿਮ ਭਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਮੂਰਖ ਅਤੇ ਗਵਾਰ ਕਿਹਾ ਹੈ। ਯਥਾ :-

(ਬਾਕੀ ਪੰਨਾ ੪੦ ਤੇ...)



www.AKJ.Org

## ਸਿੱਖ ਸੱਭਿਆਚਾਰ
# 'ਸ੍ਰੀ' ਜਾਂ ਸਿਰਦਾਰ ਅਤੇ ਭਾਈ

(ਸਿਰਦਾਰ ਸਰਬਜੀਤ ਸਿੰਘ ਘੁਮਾਣ)

23-3-1965 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਿਕ ਮਤਾ ਪਾਸ ਕੀਤਾ ਗਿਆ, ਜਿਸ ਦੀ ਸ਼ਬਦਾਵਲੀ ਇੰਝ ਹੈ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਇਜਲਾਸ ਇਸ ਗੱਲ ਨੂੰ ਬੜੀ ਘ੍ਰਿਣਾ ਨਾਲ ਵੇਖਦਾ ਹੈ ਕਿ ਫ਼ਿਰਕੂ ਜ਼ਹਿਨੀਅਤ ਅਤੇ ਫ਼ਿਰਕੂ ਰੁਚੀਆਂ ਦੇ ਅਧਾਰ ਤੇ ਸਿੱਖਾਂ ਦੇ ਕੌਮੀ ਵਕਾਰ ਨੂੰ ਸੱਟ ਮਾਰਨ ਲਈ, ਕਈ ਪਹਿਲੂਆਂ ਤੋਂ ਯਤਨ ਕੀਤੇ ਜਾ ਰਹੇ ਹਨ। ਸਿੱਖਾਂ ਦੇ ਨਾਮ ਨਾਲ 'ਸਰਦਾਰ' ਦੀ ਥਾਂਵੇ 'ਸ੍ਰੀ' ਸ਼ਬਦ ਲਗਾਕੇ ਲਿਖਣਾ ਜਾਂ ਬੁਲਾਉਣਾ ਅਜਿਹੇ ਹਮਲੇ ਦੀ ਹੀ ਇੱਕ ਕੜੀ ਹੈ। ਸੋ ਇਹ ਸਮਾਗਮ ਸਰਦਾਰ, ਗੈਰ-ਸਿੱਖ ਸੰਪਰਦਾਵਾਂ ਅਤੇ ਦੇਸ਼ ਦੇ ਅਖ਼ਬਾਰ ਨਵੀਸਾਂ ਤੇ ਜ਼ੋਰ ਦਿੰਦਾ ਹੈ ਕਿ ਹਰ ਇਕ ਸਿੱਖ ਦੇ ਨਾਮ ਨਾਲ 'ਸਰਦਾਰ' ਸ਼ਬਦ ਹੀ ਵਰਤਿਆ ਜਾਵੇ।

ਇਸ ਮਤੇ ਦਾ ਤੁਰੰਤ ਅਸਰ ਹੋਇਆ ਅਤੇ ਸਰਦਾਰ ਸ਼ਬਦ ਦੀ ਵਰਤੋਂ ਆਮ ਹੋ ਗਈ। ਪ੍ਰਸਿੱਧ ਵਿਦਵਾਨ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਜਿਨ੍ਹਾਂ ਨੂੰ ਨੈਸ਼ਨਲ ਪ੍ਰੋਫ਼ੈਸਰ ਆਫ ਸਿਖਇਜ਼ਮ ਆਖਿਆ ਜਾਂਦਾ ਹੈ ਤਾਂ ਆਪਣੇ ਨਾਉਂ ਅੱਗੇ ਸਰਦਾਰ ਦੀ ਬਜਾਇ 'ਸਿਰਦਾਰ' ਲਿਖਦੇ ਰਹੇ ਜੋ ਕਿ ਜ਼ਿਆਦਾ ਸਹੀ ਲੱਗਦਾ ਹੈ ਕਿਉਂਕਿ।

ਸਚੇ ਕੀ ਸਿਰਕਾਰ ਜੁਗ ਜੁਗ ਜਾਣੀਐ॥
ਹੁਕਮ ਮੰਨੇ ਸਿਰਦਾਰੁ ਦਰਿ ਦੀਬਾਣੀਐ॥
(ਪੰਨਾ ੧੪੨)

ਅੱਜ ਕੱਲ ਵੀ ਕਈ ਹੋਰ ਢੰਗ ਤਰੀਕੇ ਵਰਤਦੇ ਸਿਖਾਂ ਦੇ ਨਾਂ ਵਿਗਾੜੇ ਜਾ ਰਹੇ ਹਨ। ਸਰਦਾਰ ਜਾਂ ਸਿਰਦਾਰ ਲਿਖਣ ਦੀ ਗੁੰਜਾਇਸ਼ ਖਤਮ ਕਰਨ ਤਹਿਤ ਸਰਕਾਰੀ ਫ਼ਾਰਮਾ ਵਿਚ ਬਹੁਤਾ ਕਰਕੇ ਪਹਿਲਾਂ ਹੀ 'ਸ੍ਰੀ' ਜਾਂ ਸ੍ਰੀ ਮਤੀ ਲਿਖਿਆ ਹੁੰਦਾ ਹੈ। ਬਹੁਤੇ ਸਿੱਖ ਆਪਣੇ ਨਾਉਂ ਨਾਲ 'ਸਿੰਘ' ਉਪਾਧੀ ਨਹੀਂ ਵਰਤਦੇ, ਸਗੋਂ ਨਾਉਂ ਪਿਛੇ ਜਾਤ ਜਾਂ ਗੋਤ ਦਾ ਵਿਖਾਲਾ ਕਰਦੇ ਹਨ ਜਿਵੇਂ ਗੁਰਿੰਦਰ ਮਾਨ, ਤੇਜਬੀਰ ਢਿਲੋਂ, ਮਨਜੀਤ ਗਰੇਵਾਲ ਆਦਿ। ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਮਤੇ ਪਾਕੇ ਨਾਵਾਂ ਨਾਲ ਜਾਤ-ਪਾਤ-ਗੋਤ ਲਿਖਣ ਦੀ ਮਨਾਹੀ ਕੀਤੀ ਗਈ ਹੈ ਕਿਉਂਕਿ ਖਾਲਸਾ ਜਾਤ-ਗੋਤ ਦੇ ਭਰਮਾਂ ਤੋਂ ਨਿਰਲੇਪ ਹੈ। ਜਾਤ-ਗੋਤ ਲਿਖਣ ਦਾ ਰਿਵਾਜ ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ ਨਾਲ ਸ਼ੁਰੂ ਹੋਇਆ। 1850ਈ: ਤੋਂ ਪਹਿਲਾਂ ਕਿਸੇ ਵੀ ਸਿੰਘ ਨੇ ਜਾਤ-ਗੋਤ ਨੂੰ ਨਹੀਂ ਮੰਨਿਆ। ਭਾਂਵੇ ਇਕੋ ਨਾਮ ਦੇ ਸਿੰਘਾਂ ਦੀ ਵੱਖਰੀ ਪਹਿਚਾਣ ਲਈ ਕੁਝ ਸ਼ਬਦ ਜ਼ਰੂਰ ਪ੍ਰਚਿੱਲਤ ਸਨ ਜਿਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜੱਸਾ ਸਿੰਘ ਰਾਮਗੜੀਆ।

ਇਕ ਹੋਰ ਗੱਲ ਵੀ ਵੇਖਣ ਵਿਚ ਆਉਂਦੀ ਹੈ ਕਿ ਕਈ ਵੀਰ ਆਪਣਾ ਪੂਰਾ ਨਾਉਂ ਲਿਖਣ ਦੀ ਬਜਾਏ ਸੰਕੇਤ ਵਰਤਦੇ ਹਨ ਜਿਵੇਂ ਆਈ ਪੀ. ਸਿੰਘ, ਜੇ. ਪੀ. ਸਿੰਘ। ਸਿੱਖ ਨੂੰ ਆਪਣਾ ਨਾਂਉ ਪੂਰਾ ਹੀ ਲਿਖਣਾ ਚਾਹੀਦੇ ਅਤੇ ਭੁੱਲ ਕੇ ਵੀ 'ਸਿੰਘ' ਲਫਜ ਦੀ ਅਣਡਿੱਠੀ ਨਹੀਂ ਕਰਨੀ ਚਾਹੀਏ। ਕਈ ਵੀਰ ਹਿੰਦੀ ਨਾਂਉ ਲਿਖਦੇ ਸਮੇਂ 'ਸਿੰਘ' ਦੀ ਥਾਂਵੇਂ 'ਸਿੰਹ' ਵਰਤਦੇ ਹਨ ਜੋ ਕਿ ਭਾਸ਼ਾ ਵਿਆਕਰਣ ਅਨੁਸਾਰ ਸਹੀ ਨਹੀਂ। ਕਿਉਂਕਿ ਕਿਸੇ ਵਿਅਕਤੀ ਜਾਂ ਸਥਾਨ ਦਾ ਨਾਂ ਹਰ ਭਾਸ਼ਾ ਵਿੱਚ ਉਹੀ ਰਹਿੰਦਾ ਹੈ ਜਿਵੇਂ ਲੁਧਿਆਣਾ ਹਰ ਭਾਸ਼ਾ ਵਿਚ ਲੁਧਿਆਣਾ ਹੀ ਰਹੇਗਾ। ਅੰਗਰੇਜ਼ੀ ਵਿੱਚ 'ਸਿੰਘ' ਜਾਣੀ ਸ਼ੇਰ ਲਿਖਦੇ ਸਮੇਂ ਕਦੇ ਵੀ ਟਾਈਗਰ ਜਾਂ ਲੁਆਇਨ ਨਹੀਂ ਲਿਖਦੇ ਅਤੇ ਸਿੰਘ ਹੀ ਲਿਖਦੇ ਹਾਂ, ਫਿਰ ਹਿੰਦੀ ਵਿਚ ਅਸੀਂ ਆਪਣਾ ਨਾਂਉਂ ਕਿਉਂ ਵਿਗਾੜੀਏ ?

ਸਰਦਾਰ ਜਾਂ ਸਿਰਦਾਰ ਤੋਂ ਬਿਨਾਂ ਬਹੁਤ ਸਾਰੇ ਸਿੱਖਾਂ ਦੇ ਨਾਂਉ ਅੱਗੇ 'ਭਾਈ' ਸ਼ਬਦ ਵੀ ਵਰਤਿਆ ਜਾਂਦਾ ਹੈ ਜੋ ਹਰ ਇਕ ਨੂੰ ਬਰਾਬਰੀ ਤੇ ਭਰਾਤਰੀ ਭਾਵ ਦਾ ਸੁਨੇਹਾ ਦਿੰਦਾ ਹੈ। ਭਾਈ ਮਰਦਾਨਾ ਜੀ, ਭਾਈ ਗੁਰਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਧਰਮ ਸਿੰਘ ਤੇ ਹੋਰ ਅਨੇਕਾਂ ਸਿੱਖਾਂ ਦੇ ਨਾਂਉ ਨਾਲ ਲੱਗਿਆ 'ਭਾਈ' ਸਾਨੂੰ, ਉਹਨਾਂ ਦੇ 'ਭਰਾ' ਬਣਾ ਕੇ ਪੇਸ਼ ਕਰਦਾ ਹੈ।

ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਮਨਾਉਣ ਦੇ ਤਿਆਰੀ ਪ੍ਰੋਗਰਾਮਾਂ ਵਿੱਚ ਰੁੱਚੀ ਖਾਲਸਾ ਕੌਮ ਨੂੰ ਅਪੀਲ ਹੈ ਕਿ ਆਪਣੇ ਨਾਂਉ ਨਾਲ ਸਰਦਾਰ, ਸਿਰਦਾਰ ਭਾਈ ਅਤੇ ਸਿੰਘ ਸ਼ਬਦਾਂ ਦੀ ਵਰਤੋਂ ਜ਼ਰੂਰ ਕਰੋ। ਗੋਤਾਂ-ਜਾਤਾਂ ਦੀਆਂ ਬਣਾਉਣੀ ਪੂਛਾਂ ਦਾ ਤਿਆਗ ਕਰੋ। ਪਵਿੱਤਰ ਆਨੰਦ-ਕਾਰਜ ਗੋਤਾਂ-ਜਾਤਾਂ ਨੂੰ ਵਿਚਾਰੇ ਬਗ਼ੈਰ ਕੀਤੇ ਜਾਣ। ਕਿੰਨਾ ਚੰਗਾ ਹੋਵੇ ਜੇ ਹੁਣ ਤੱਕ ਹੋਏ ਇਸ ਤਰਾਂ ਦੇ ਅਨੰਦ-ਕਾਰਜ ਵਾਲੇ ਜੋੜਿਆਂ ਨੂੰ 1999 ਦੀ ਵੈਸਾਖੀ ਨੂੰ ਖਾਲਸਾ ਪੰਥ ਸ੍ਰੀ ਅਕਾਲ ਤਖਤ ਸਾਹਿਬ ਉਤੇ ਥਾਪੜੇ ਦੇਵੇ।

**ਪਾਠਕ ਜੀ**

ਕਿਸੇ ਵੀ ਤਰ੍ਹਾਂ ਦੇ ਚਿੱਠੀ ਪੱਤਰ ਕਰਨ ਵੇਲੇ ਆਪਣਾ ਪੂਰਾ ਨਾਮ, ਪਤਾ ਅਤੇ ਚਿੱਟ ਨੰਬਰ ਜ਼ਰੂਰ ਲਿਖਣ ਦੀ ਕ੍ਰਿਪਾ ਕਰੋ ਜੀ।

# ਗੁਰੂ ਅਰਜਨ ਦੇਵ ਜੀ ਦਾ ਜੀਵਨ ਆਦਰਸ਼

(ਡਾ: ਪਰਮਜੀਤ ਕੌਰ)

ਗੁਰੂ ਅਰਜਨ ਦੇਵ ਜੀ ਨੇ ਆਪਣਾ ਸਾਰਾ ਜੀਵਨ ਊਚ-ਨੀਚ, ਜਾਤ-ਪਾਤ, ਛੂਤ-ਛਾਤ,ਰੰਗ ਨਸਲ ਦੇ ਸ਼ਿਕੰਜੇ ਨੂੰ ਤੋੜਦੇ ਭਾਈਚਾਰੇ ਦੀ ਨੀਂਹ ਨੂੰ ਮਜਬੂਤ ਕਰਨ ਵਿੱਚ ਲਗਾ ਦਿੱਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਨੂੰ ਦ੍ਰਿੜ ਕਰਵਾਉਂਦੇ ਹੋਏ ਸਿਧਾਂਤਾਂ ਲਈ ਸ਼ਹੀਦ ਹੋ ਗਏ । ਪਰ ਅੱਜ ਸਮਾਜ ਵਿੱਚ ਊਚੱ-ਨੀਚ, ਜਾਤ-ਪਾਤ, ਅਮੀਰੀ-ਗਰੀਬੀ ਅਤੇ ਮੇਰ-ਤੇਰ ਦਾ ਵਿਤਕਰਾ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ । ਗਿਆਨ ਦਾ ਪ੍ਰਕਾਸ਼ ਹੁੰਦੇ ਹੋਏ ਵੀ ਅਸੀ ਸਹੀਂ ਰਸਤੇ ਤੋਂ ਭਟਕ ਗਏ ਹਾਂ । ਅੱਜ ਗੁਰੂ ਅਰਜਨ ਦੇਵ ਜੀ ਦੇ ਸੰਦੇਸ਼ ਨੂੰ ਨਵੇਂਸਿਰੇ ਤੋਂ ਸਮਝਣ, ਸਮਝਾਉਣ ਅਤੇ ਦ੍ਰਿੜ ਕਰਵਾਉਣ ਦੀ ਲੋੜ ਹੈ ।

ਗੁਰੂ ਜੀ ਨੇ ਮੇਰ-ਤੇਰ, ਜਾਤ-ਪਾਤ ਦੇ ਵਿਤਕਰਿਆਂ ਨੂੰ ਛੱਡਕੇ ਸਾਰੀ ਮਨੁੱਖਤਾ ਨੂੰ ਇਕ ਕਰਕੇ ਜਾਣਨ ਦਾ ਆਦੇਸ਼ ਦਿੱਤਾ ਹੈ । ਜਿਵੇਂ ਮਾਲਾ ਦੇ ਇਕੋ ਧਾਗੇ ਵਿੱਚ ਕਈ ਮਣਕੇ ਪ੍ਰੋਏ ਹੁੰਦੇ ਹਨ ਤੇ ਉਸ ਮਾਲਾ ਨੂੰ ਮਨੁੱਖ ਫੇਰਦਾ ਰਹਿੰਦਾ ਹੈ । ਉਸੇ ਤਰ੍ਹਾਂ ਜਗਤ ਦੇ ਸਾਰੇ ਜੀਵ-ਮਣਕੇ ਪਰਮਾਤਮਾ ਦੀ ਸੱਤਾ ਰੂਪ ਧਾਗੇ ਵਿੱਚ ਪ੍ਰੋਏ ਹੋਏ ਹਨ-

ਏਕੈ ਸੂਤਿ ਪਰੋਏ ਮਣੀਏ ॥
ਗਾਠੀ ਭਿਨਿ ਭਿਨਿ ਭਿਨਿ ਤਣੀਐ ॥
ਫਿਰਤੀ ਮਾਲਾ ਬਹੁ ਬਿਧਿ ਭਾਇ ॥
ਖਿੰਚਿਆ ਸੂਤੁ ਤ ਆਈ ਥਾਇ ॥੩॥

(ਰਾਮਕਲੀ ਮ: ੫ ਪੰਨਾ ੮੮੬)

ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਦੁਨੀਆਂ ਦੇ ਸਾਰੇ ਜੀਅ-ਜੰਤ ਪ੍ਰਮਾਤਮਾ ਨਾਲ ਹੀ ਸਾਂਝ ਰਖਣ ਵਾਲੇ ਅਖਵਾਉਂਦੇ ਹਨ। ਕੋਈ ਜੀਵ ਐਸਾ ਨਹੀਂ ਦਿਸਦਾ ਜਿਹੜਾ ਪ੍ਰਭੂ ਤੋਂ ਵਖਰਾ ਹੋਵੇ :-

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ਨਉ ਨਿਧਿ ਤੇਰੈ ਅਖੁਟ ਭੰਡਾਰਾ॥ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰ ਹੈ ਵੁਠਾ॥ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਰਾਗੁ ਮਾਝ ਮ: ੫ ਪੰਨਾ ੯੭ )

ਸਾਰੇ ਮਨੁੱਖ ਇਕ ਪ੍ਰਭੂ ਦੀ ਸੰਤਾਨ ਹੋਣ ਕਰਕੇ ਆਪਸ ਵਿੱਚ ਭਰਾ ਹਨ-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

(ਸੋਰਠਿ ਮ: ੫ ਪੰਨਾ ੬੧੧)

ਸਮਾਜਿਕ ਸਾਂਝ ਦਾ ਅਧਾਰ ਆਤਮਿਕ ਸਾਂਝ ਹੁੰਦੀ ਹੈ ਤੇ ਆਤਮਿਕ ਸਾਂਝ ਦਾ ਮੂਲ ਹੈ ਇਕ ਪਰਮਾਤਮਾ ਦੀ ਅਰਾਧਨਾ ਕਰਨਾ ਅਤੇ ਉਸ ਪ੍ਰਭੂ ਤੇ ਹੀ ਪੂਰਨ ਭਰੋਸਾ ਕਰਨਾ। ਇਸ ਲਈ ਇਕ ਪਰਮਾਤਮਾ ਦੀ ਹੀ ਸ਼ਰਨ ਲੈਣੀ ਚਾਹੀਦੀ ਹੈ -

ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ॥
ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ॥
ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ॥
ਮਨਿ ਤਨਿ ਸਾਸਿ ਗਿਰਾਸਿ, ਪ੍ਰਭੁ ਇਕੋ ਇਕੁ ਧਿਆਇ॥

(ਮ: ੫ ਪੰਨਾ ੯੬੧)

ਇਕ ਪਰਮਾਤਮਾ ਨੂੰ ਇਸ਼ਟ ਮੰਨਣ ਵਾਲੇ ਪ੍ਰਭੂ ਪ੍ਰੇਮ-ਵਿੱਚ ਰੰਗੇ ਹੋਏ ਮਨੁੱਖ ਨੂੰ ਕੋਈ ਆਪਣਾ ਦੁਸ਼ਮਣ ਨਹੀ ਦਿਸਦਾ, ਕੋਈ ਵੈਰੀ ਨਹੀਂ ਦਿਸਦਾ-

ਏਕਸੁ ਸਿਉ ਜਾ ਕਾ ਮਨੁ ਰਾਤਾ॥
ਵਿਸਰੀ ਤਿਸੈ ਪਰਾਈ ਤਾਤਾ॥
ਬਿਨੁ ਗੋਬਿੰਦ ਨ ਦੀਸੈ ਕੋਈ॥
ਕਰਨ ਕਰਾਵਨ ਕਰਤਾ ਸੋਈ॥

(ਗਉੜੀ ਮ: ੫ ਪੰਨਾ ੧੮੯)

ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪਰਮਾਤਮਾ ਸਾਰਿਆਂ ਦਾ ਸਾਂਝਾ ਹੈ ਧਰਮ ਪੁਸਤਕਾਂ ਦੀ ਬੋਲੀ ਅਨੁਸਾਰ ਪਰਮਾਤਮਾ ਦੇ ਵੱਖ ਵੱਖ ਨਾਮ ਰੱਖੇ ਹੋਏ ਹਨ। ਕੋਈ ਰਾਮ ਰਾਮ ਉਚਾਰਦਾ ਹੈ, ਕੋਈ ਖੁਦਾ ਆਖਦਾ ਹੈ, ਕੋਈ ਅਲਾਹ ਆਖਕੇ ਬੰਦਗੀ ਕਰਦਾ ਹੈ ਤੇ ਕੋਈ ਗੋਸਾਈ। ਕੋਈ ਪ੍ਰਭੂ ਦੀ ਮੂਰਤਿ ਬਣਾਕੇ ਪੂਜਾ ਕਰਦਾ ਹੈ ਤੇ ਕੋਈ ਨਮਾਜ ਪੜ੍ਹਦਾ ਹੈ ਪਰ ਉਦੇਸ਼ ਸਾਰਿਆਂ ਦਾ ਇਕੋ ਹੁੰਦਾ ਹੈ-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ਕੋਈ ਸੇਵੈ ਗੁਸਈਆ ਕੋਈ ਅਲਾਹਿ॥੧॥ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ ॥ ੧॥ਰਹਾਉ॥ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਢੈ ਨੀਲ ਕੋਈ ਸੁਪੇਦ॥੩॥ ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੁ॥੪॥ ਕਹੁ ਨਾਨਕ ਜਿਨਿਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੪॥

(ਰਾਮਕਲੀ ਮ: ੫ ਪੰਨਾ ੮੮੫)

ਵੈਰ-ਵਿਰੋਧ ਦਾ ਅਧਾਰ ਮਨੁੱਖ ਦਾ ਵਿਭਾਜਨ ਹੈ ਪਰ ਜਦੋਂ ਇਹ ਸਮਝ ਆ ਜਾਂਦੀ ਹੈ ਕਿ ਉੂਚ-ਨੀਚ, ਅਮੀਰ-ਗਰੀਬ ਸਾਰਿਆਂ ਵਿੱਚ ਇਕ ਪਰਮਾਤਮਾ ਦੀ ਹੀ ਜੋਤਿ ਹੈ ਜਿਸ ਨੂੰ ਉਹ ਪਿਆਰ ਕਰਦਾ ਹੈ ਤਾਂ ਵੈਰ ਦਾ ਅਧਾਰ


www.AKJ.Org

ਹੀ ਖਤਮ ਹੋ ਜਾਂਦਾ ਹੈ -

ਬੈਰੀ ਮੀਤ ਹੋਏ ਸੰਮਾਨ॥ ਸਰਬ ਮਹਿ ਪੂਰਨ ਭਗਵਾਨ॥
(ਭੈਰਉ ਮ: ੫ ਪੰਨਾ ੧੧੪੭)

ਗੁਰੂ ਅਰਜਨ ਦੇਵ ਜੀ ਨੇ ਲਾਹੌਰ ਦੇ ਵਲੀ ਮੀਆਂ ਮੀਰ ਦੇ ਹੱਥੋਂ ਨੀਂਹ ਰਖਵਾਕੇ 'ਹਰਿਮੰਦਰ ਸਾਹਿਬ' ਦੇ ਰੂਪ ਵਿੱਚ ਇਕ ਸਾਂਝਾ ਧਰਮ-ਮੰਦਰ ਬਣਵਾਕੇ ਸਾਂਝੀ ਕੌਮੀਅਤ ਦੇ ਆਦਰਸ਼ ਨੂੰ ਹੋਰ ਦ੍ਰਿੜ੍ਹ ਕਰ ਦਿੱਤਾ। ਹਰਿਮੰਦਰ ਸਾਹਿਬ ਦੇ ਚਾਰੋਂ ਪਾਸੇ ਰੱਖੇ ਚਾਰ ਦਰਵਾਜਿਆਂ ਵਿਚੋਂ ਚਾਰਾਂ ਹੀ ਵਰਨਾਂ ਦੇ ਲੋਗ ਆ ਸਕਦੇ ਸਨ ਜਦ ਕਿ ਹਿੰਦੂ ਧਰਮ-ਅਸਥਾਨਾਂ ਤੇ ਨੀਵਿਆਂ ਜਾਤਾਂ ਦੇ ਲੋਕਾਂ ਨੂੰ ਜਾਣ ਦੀ ਆਗਿਆ ਨਹੀਂ ਸੀ। ਭਾਈਚਾਰੇ ਦੀ ਪ੍ਰੇਰਣਾ ਦੇਣ ਵਾਲੇ ਅਤੇ 'ਜਿਸੁ ਨੀਚ ਕਉ ਕੋਈ ਨ ਜਾਨੈ॥ *ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥* (ਪੰਨਾ ੩੮੬) ਦਾ ਪ੍ਰਚਾਰ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੂਦਰ ਅਖਵਾਉਣ ਵਾਲੇ ਨੀਚ ਜਾਤੀਏ ਲੋਕਾਂ ਦੇ ਅੰਦਰ ਮਨੁੱਖਤਾ ਦਾ ਅਹਸਾਸ ਪੈਦਾ ਹੋ ਚੁੱਕਾ ਸੀ। ਉਹ ਬ੍ਰਾਹਮਣ ਆਦਿਕ ਉੱਚ-ਜਾਤੀਏ ਲੋਕਾਂ ਦੇ ਅੱਗੇ ਘੁਟਨੇ ਨਹੀਂ ਸਨ ਟੇਕ ਰਹੇ। ਗੁਰੂ ਨਾਨਕ ਦੇਵ ਜੀ ਦੁਆਰਾ ਰੱਖੀ ਸਾਂਝੀਵਾਲਤਾ ਦੀ ਨੀਂਹ ਤੇ ਮਨੁੱਖਤਾ ਦੀ ਉਸਾਰੀ ਮਜਬੂਤੀ ਨਾਲ ਹੋ ਰਹੀ ਸੀ। ਕੀ ਗੁਰੂ ਸਾਹਿਬ ਦੀ ਸ਼ਹਾਦਤ ਦਾ ਅਧਾਰ ਸਾਂਝੀਵਾਲਤਾ ਦੇ ਮਾਰਗ ਤੇ ਉਹਨਾਂ ਦੇ ਵੱਧਦੇ ਕਦਮ ਨਹੀਂ ਸਨ ? ਕੀ ਗੁਰੂ ਜੀ ਦੀ ਸ਼ਹਾਦਤ ਦਾ ਕਾਰਣ ਸਾਂਝੀਵਾਲਤਾ ਦੇ ਰਸਤੇ ਵਿੱਚ ਬਾਧਕ ਬਣਨ ਵਾਲੇ ਜਾਤ-ਅਭਿਮਾਨਿਆਂ ਦਾ ਹੰਕਾਰ ਅਤੇ ਸੁਆਰਥ ਨਹੀਂ ਸੀ ? ਜਿੰਨਾ ਨੇ ਚੰਦੂ ਦਾ ਸਹਾਰਾ ਲੈਕੇ, ਖੁਸਰੋ ਦੀ ਹਿਮਾਇਤ ਕਰਨਾ ਦਾ ਇਲਜਾਮ ਲੱਗਾਕੇ ਗਰੀਬਾਂ ਦੀ ਬਾਂਹ ਫੜਨ ਵਾਲੇ ਗੁਰੂ ਪਾਤਸ਼ਾਹ ਦੀ ਵਿਰੋਧਤਾ ਰਾਹੀਂ ਆਪਣੀ ਈਰਖਾ ਅਤੇ ਤੰਗਦਿੱਲੀ ਦਾ ਪ੍ਰਗਟਾਵਾ ਕੀਤਾ ਸੀ। ਇਹ ਵਿਰੋਧਤਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਸੀ। ਦਿਨੋਂ-ਦਿਨ ਵੱਧਦੀ ਜਾ ਰਹੀ ਲੰਗਰ ਦੀ ਸ਼ੋਭਾ ਅਤੇ ਦੂਸਰੇ ਧਰਮਾਂ ਦੇ ਪ੍ਰਭਾਵ ਹੇਠੋਂ ਨਿਕਲਦੇ ਨੀਚ ਸੂਦਰ ਜਾਤਿ ਦੇ ਲੋਕਾਂ ਨੂੰ ਵੇਖਕੇ ਉੱਚੀ ਜਾਤਿ ਵਾਲੇ ਬ੍ਰਾਹਮਣ, ਖਤ੍ਰੀਆਂ ਨੇ ਰਲਕੇ ਕਈ ਵਾਰ ਕੋਸ਼ਿਸ਼ ਕੀਤੀ ਕਿ ਇਹ ਪ੍ਰਚਾਰ ਬੰਦ ਕੀਤਾ ਜਾ ਸਕੇ। ਬਾਬਾ ਦਾਤੂ ਜੀ ਨੂੰ ਗੁਰ-ਗੱਦੀ ਲਈ ਲੈਕੇ ਆਣਾ ਵੀ ਵਿਰੋਧੀਆਂ ਦੀ ਹੀ ਇਕ ਚਾਲ ਸੀ। ਬਾਬਾ ਪ੍ਰਿਥੀਚੰਦ ਦਾ ਸਾਥ ਪਾਕੇ ਇਹਨਾਂ ਦਾ ਹੌਂਸਲਾ ਵੱਧਦਾ ਗਿਆ। ਬੀਰਬਲ ਨੂੰ ਵੀ ਮੌਕਾ ਮਿਲ ਗਿਆ ਉਸਨੇ ਜਾਤ-ਅਭਿਮਾਨੀਆਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ। ਆਪਣੇ ਸੁਆਰਥ ਲਈ ਗੁਰੂ ਸਾਹਿਬ ਦੇ ਵਿਰੋਧੀ ਬਣੇ ਹੋਏ ਬਾਬਾ ਪ੍ਰਿਥੀਚੰਦ ਇਹ ਨਾ ਸਮਝ ਸਕੇ ਕਿ ਉਹਨਾਂ ਦੀ ਓਟ ਲੈਕੇ ਆਪਣਾ ਸੁਆਰਥ ਸਿੱਧ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕ ਕਿੰਨੀ ਵਡੀ ਘਾਟ ਪੈਦਾ ਕਰ ਸਕਦੇ ਹਨ। ਇਹ ਸਾਹਮਣੇ ਆਇਆ ੩੦ ਮਈ ੧੬੦੬ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ ਵਿੱਚ।

ਆਪਣੇ ਆਦਰਸ਼ ਲਈ ਸ਼ਹੀਦ ਹੋ ਜਾਣ ਵਾਲੇ ਗੁਰੂ ਜੀ ਦੀ ਸ਼ਹਾਦਤ ਅੱਜ ਪੁਕਾਰ ਰਹੀ ਹੈ ਕਿ ਅਸੀਂ ਸਾਰੇ ਖੁਦਗਰਜੀ, ਅਲਗਾਵ ਅਤੇ ਭੁਲੇਖੇ ਵਾਲੇ ਰਾਹ ਨੂੰ ਛੱਡਕੇ ਉਸ ਰਸਤੇ ਨੂੰ ਅਪਨਾਈਐ ਜਿਹੜਾ ਗੁਰੂ ਸਾਹਿਬ ਨੇ ਸਾਨੂੰ ਦਰਸਾਇਆ ਹੈ। ਅੱਜ ਜਦੋਂ ਕਿ ਸਮਾਜ ਵਿੱਚ ਸਮਾਜਿਕ ਉਲਝਣਾਂ ਭ੍ਰਸ਼ਟਾਚਾਰ, ਜਾਤ-ਪਾਤ ਦੀ ਭਾਵਨਾ, ਮੇਰ-ਤੇਰ ਦਾ ਵਿਤਕਰਾ ਅਤੇ ਹੋਰ ਕੁਰੀਤੀਆਂ ਵੱਧਦੀਆਂ ਜਾ ਰਹੀਆ ਹਨ। ਮਾਨਵਤਾ ਬਿਖਰਦੀ ਜਾ ਰਹੀ ਹੈ। ਗੁਰੂ- ਸੰਦੇਸ਼ ਦਾ ਪ੍ਰਚਾਰ ਅਤੇ ਪ੍ਰਸਾਰ ਖ਼ਾਲਸੇ ਦਾ ਫਰਜ ਬਣ ਜਾਂਦਾ ਹੈ। ਗੁਰਮਤਿ ਦੇ ਪ੍ਰਚਾਰ ਨਾਲ ਹੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਪਿਤ ਹਲੇਮੀ ਰਾਜ ਦੀ ਨੀਹ ਰੱਖੀ ਜਾ ਸਕਦੀ ਹੈ। ਜੇਕਰ ਗੁਰੂ ਅਰਜਨ ਦੇਵ ਜੀ ਦੀ ਸਿਖਿਆ-

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥੩॥੧॥੬੨॥
(ਆਸਾ ਮ: ੫ ਪੰਨਾ ੩੮੬)

ਅਤੇ- ਬੀਰਾ ਆਪਨ ਬੁਰਾ ਮਿਟਾਵੈ॥
ਤਾਹੂ ਬੁਰਾ ਨਿਕਟਿ ਨਹੀ ਆਵੈ॥ (ਪੰਨਾ ੨੫੮)

ਨੂੰ ਆਪਣਾ ਆਦਰਸ਼ ਬਣਾ ਲਿਆ ਜਾਵੇ ਤਾਂ ਅੱਗੇ ਦਾ ਰਸਤਾ ਆਪੇ ਬਣਦਾ ਜਾਵੇਗਾ।

---

**ਸਮੂਹ ਕੀਰਤਨੀਏ ਅਤੇ ਪ੍ਰਬੰਧਕਾਂ ਦੇ ਧਿਆਨ ਯੋਗ**

1. ਸਮੂਹ ਕੀਰਤਨੀਆਂ ਨੇ ਸਾਦਾ ਪੁਸ਼ਾਕ ਪਹਿਨੀ ਹੋਣੀ ਚਾਹੀਦੀ ਹੈ ਤੇ ਸ੍ਰੀ ਸਾਹਿਬ ਸਾਰੇ ਬਸਤਰਾਂ ਦੇ ਉਪਰੋਂ ਦੀ ਸਜਾਈ ਹੋਵੇ। ਆਪਣਾ ਹਜ਼ੂਰੀਆ ਆਪੋ ਆਪਣੇ ਕੋਲ ਰੱਖਣ।
੨. ਕੀਰਤਨੀਏ ਸਿੰਘ ਕੀਰਤਨ ਦੀ ਸੇਵਾ ਸਮੇਂ ਪੈਂਟ ਕਮੀਜ਼ ਨਾ ਪਹਿਨਣ ਤੇ ਬੀਬੀਆਂ ਵੀ ਭੜਕੀਲੇ ਰੰਗਾਂ ਦੇ ਵਸਤਰ ਨਾ ਪਹਿਨਣ।
3. ਸ਼ਬਦਾਂ ਸਬੰਧੀ ਪ੍ਰਮਾਣ ਡੂੰਘੀ ਸੋਚ ਵਿਚਾਰ ਤੋਂ ਬਾਅਦ ਢੁੱਕਵੇਂ ਅਤੇ ਸ਼ਬਦ ਦੇ ਪੂਰਾ ਹੋਣ ਤੋਂ ਬਾਅਦ ਦਿੱਤੇ ਜਾਣ।
4. ਸਮੂਹ ਗੁਰਮੁਖ ਪਿਆਰੇ ਗੁਰਬਾਣੀ ਕੰਠ ਕਰਕੇ ਹੀ ਕੀਰਤਨ ਕਰਨ ਦਾ ਯਤਨ ਕਰਨ।
5. ਪੋਥੀ ਗੁਟਕੇ ਆਦਿ ਨੂੰ ਵਾਜੇ ਤੇ ਜਾਂ ਜੋੜਿਆਂ ਤੇ ਨਾ ਰੱਖੀ ਜਾਵੇ ਸਗੋਂ ਅੱਲਗ ਚੌਕੀ ਜਾਂ ਰੇਹਲ ਤੇ ਰੱਖਿਆ ਜਾਵੇ।



www.AKJ.Org

# 'ਸੋਹਣੇ' ਦਾ ਸੰਕਲਪ

(ਮਹਿੰਦਰ ਸਿੰਘ 'ਚਰਰਾੜੀ')

ਹਰ ਮਨੁੱਖ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਹ ਦੂਜਿਆਂ ਦੀਆਂ ਨਜ਼ਰਾਂ 'ਚ ਸੋਹਣਾ ਦਿਖਾਈ ਦੇਵੇ। ਇਸ ਲਈ ਉਹ ਕਈ ਢੰਗ-ਤਰੀਕਿਆਂ ਨਾਲ ਖੁਤ ਨੂੰ ਸੰਵਾਰਦਾ, ਲਿਸ਼ਕਾਰਦਾ ਅਤੇ ਚਮਕਾਉਂਦਾ ਹੈ। ਸੋਹਣੇ ਲੱਗਣ ਦੀ ਚਾਹ ਨੇ ਮਨੁੱਖੀ ਰੁਚੀਆਂ ਨੂੰ ਪ੍ਰਬਲਤਾ ਵੀ ਬਖਸ਼ੀ ਅਤੇ ਨਾਲੋ ਨਾਲ ਦੁਨਿਆਵੀ ਸੁਹੱਪਣ ਦਾ ਧੁਰਾ ਲੱਭਣ ਦੀ ਚੇਟਕ ਵੀ ਸੰਸਾਰਕ ਪ੍ਰਾਣੀ-'ਮਨੁੱਖ' ਦੀ ਸੁਹੱਪਣ ਦੇ ਧੁਰੇ ਨੂੰ ਲੱਭਣ ਦੀ ਚੇਟਕ ਨੂੰ ਗੁਰਬਾਣੀ ਨੇ ਆਪਣੇ ਅੰਦਾਜ਼ 'ਚ ਪੇਸ਼ ਕੀਤਾ ਹੈ-

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ (੫੨੭)

ਸੁਹੱਪਣ ਜਾਂ ਸੁੰਦਰਤਾਂ ਨੂੰ ਮੁਖ ਤੌਰ ਤੇ ਮਨੁੱਖੀ ਸਮਾਜ ਦੇ ਅਹਿਮ ਅੰਗ-ਪੁਰਸ਼ ਅਤੇ ਇਸਤਰੀ ਦੇ ਜ਼ਰੂਰੀ ਰਿਸ਼ਤੇ ਰਾਹੀਂ ਰੂਪਮਾਨ ਕਰਨ ਦਾ ਗੁਰਬਾਣੀ ਨੇ ਸੌਖਾ ਅਤੇ ਸਪੱਸ਼ਟ ਰਾਹ ਦਰਸਾਇਆ ਹੈ ਭਾਵ ਸੁੰਦਰਤਾ ਨੂੰ ਪਤੀ-ਪਤਨੀ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ।

ਵੱਖ-ਵੱਖ ਸੰਸਾਰ ਪ੍ਰਸਿੱਧ ਵਿਚਾਰਵਾਨਾਂ, ਖੋਜੀਆਂ, ਚਿੰਤਕਾਂ ਦੀ ਫਿਲਾਸਫੀ ਦਾ ਸਾਰ ਸਿੱਟਾ 'ਸੁੰਦਰਤਾ' ਸਬੰਧੀ ਇਹ ਨਿਕਲਦਾ ਹੈ ਕਿ 'ਸੁਹੱਪਣ ਜਾਂ 'ਸੁੰਦਰਤਾ' ਬਾਹਰੀ ਅਕਾਰ ਦੀ ਅੰਦਰੂਨੀ ਕਲਾਕਾਰ ਵਲੋਂ ਪ੍ਰਗਟਾਵਾ ਹੈ। ਬਾਹਰੀ ਅਕਾਰ ਤੋਂ ਸੁੰਦਰਤਾਂ ਨੂੰ ਇਨ੍ਹਾਂ ਪਰਤਾਂ ਵਿਚ ਮਾਪਿਆ ਜਾ ਸਕਦਾ ਹੈ- ਸੁਡੋਲਤਾ, ਸੁੱਚਜਤਾ, ਵਿਲੱਖਣਤਾ, ਇਕਰੂਪਤਾ, ਉਚਿਤਤਾ, ਗੰਭੀਰਤਾ, ਇਕਸਾਰਤਾ, ਸੰਜਮਤਾ, ਸਪੱਸ਼ਟਤਾ, ਕੋਮਲਤਾ, ਰੰਗੀਨੀ ਆਦਿ। ਕਈਆਂ ਨੇ 'ਸੁਹੱਪਣ' ਜਾਂ ਸੁੰਦਰਤਾ' ਨੂੰ ਅਨੰਦਦਾਇਕ ਵੀ ਮੰਨਿਆ ਹੈ। ਸੰਸਾਰ ਦੀ ਆਧੁਨਿਕ ਫਿਲਾਸਫੀ ਗੁਰਮਤਿ ਮੁਤਾਬਕ ਪਤੀ-ਪਤਨੀ ਸਬੰਧਾਂ ਰਾਹੀਂ ਬਿਆਨਿਆਂ ਸਿਧਾਂਤ ਕਿ 'ਤੁਮ ਹੀ ਸੁੰਦਰਿ ਤੁਮਹਿ ਸੁਹਾਗ॥'' ਵੀ ਉਕਤ ਦੀ ਪ੍ਰੋੜਤਾ ਕਰਦਾ ਹੈ।

ਭਾਰਤੀ ਦਰਪਨ ਮੁਤਾਬਕ 'ਸੁੰਦਰਤਾ' ''ਸਤਯਮ ਸ਼ਿਵਮ ਸੁੰਦਰਮ' ਦਾ ਸਮਜੋੜ ਹੈ। ਸਤਯ ਅਸੀਮ ਹੈ, ਇਸ ਲਈ ਸੁੰਦਰਤਾ ਦਾ ਵੀ ਕੋਈ ਹੱਦ ਬੰਨਾ ਨਹੀਂ ਹੈ। ਸੰਦਰ, ਸਤਯ ਹੈ ਅਤੇ ਸਤਯ ਹੀ ਕਲਿਆਣਕਾਰੀ ਹੈ। ਸਤਯ ਕਰਤੱਵ ਰੂਪ 'ਚ ਸ਼ਿਵ ਬਣ ਜਾਂਦਾ ਹੈ ਅਤੇ ਭਾਵਨਾ ਨਾਲ ਸਬੰਧਤ ਹੋ ਕੇ ਸੁੰਦਰ ਰੂਪ 'ਚ ਦਰਸ਼ਨ ਦਿੰਦਾ ਹੈ। ਗੱਲ ਕੀ, ਭਾਰਤੀ ਚਿੰਤਨ 'ਚ ਸਤਯ, ਸ਼ਿਵ ਅਤੇ ਸੁੰਦਰ ਨੂੰ ਵੱਖਰਾ ਕਰਕੇ ਨਹੀਂ ਵੇਖਿਆ ਜਾ ਸਕਦਾ, ਇਹ ਤਿੰਨੋਂ ਇਕੋ ਰੂਪ ਹਨ।

ਗੁਰਮਤਿ ਵਿਚਾਰਧਾਰਾ ਮੁਤਾਬਕ ਵੀ 'ਸੁੰਦਰਤਾ' ਸਤਯ ਹੈ। ਸਥੂਲ ਸੰਸਾਰ ਵਿਚ ਵਿਚਰਦਿਆਂ ਹੋਇਆ ਸਰੀਰਕ ਨੈਣਾਂ ਨਾਲ ਹਉਮੈ ਗ੍ਰਸਤ ਵਿਅਕਤੀਆਂ ਨੂੰ ਨਾਸ਼ਵਾਨ ਸੁੰਦਰਤਾ ਦੇ ਹੀ ਦਰਸ਼ਨ ਹੁੰਦੇ ਹਨ, ਜੋ ਕਿ ਇਕ ਦਿਨ ਥੱਕ ਕੇ ਨਾਸ਼ ਹੋ ਜਾਂਦੇ ਹਨ-

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥ (੭੯੩)

ਗੁਰੂ ਘਰ ਦੇ ਮਹਾਨ ਕਵੀ ਭਾਈ ਨੰਦਲਾਲ ਜੀ ਗੋਯਾ ਨੇ ਸੰਸਾਰਕ ਨਾਸ਼ਵਾਨ ਸੁੰਦਰਤਾ ਦਾ ਜ਼ਿਕਰ ਆਪਣੇ ਲਫਜ਼ਾਂ 'ਚ ਇਉਂ ਕੀਤਾ ਹੈ-

ਈ ਜਹਾਨੋ ਆਂ ਜਹਾਂ ਫ਼ਾਨੀ ਬਵਦ।
ਗ਼ੈਰਿ ਯਾਦਸ ਜੁਮਲਾ ਨਾਦਾਨੀ ਬਵਦ।

ਭਾਵ ਪ੍ਰਭੂ ਦੀ ਯਾਦ ਤੋਂ ਬਿਨਾਂ ਸਭ ਕੁਝ ਖੋਖਲਾ ਹੈ। ਗੁਰਮਤਿ ਵਿਚਾਰਧਾਰਾ ਵਿਚ 'ਸਤਯ' ਦੇ ਕੇਵਲ ਸੁੰਦਰ ਅਤੇ ਸ਼ਿਵ ਰੂਪ ਨੂੰ ਹੀ ਨਹੀਂ ਚਿਤਰਿਆ ਗਿਆ ਸਗੋਂ ਉਸਦੀ ਵਿਸ਼ਾਲਤਾ ਨੂੰ ਵੀ ਸੁਯੋਗਤਾ ਨਾਲ ਚਿਤਰਿਆ ਗਿਆ ਹੈ। 'ਸੁੰਦਰਤਾ' ਅਸੀਮ ਹੋਣ ਕਰਕੇ ਇਨਸਾਨੀ ਦਿਮਾਗ਼ ਦਾ ਮੁਕੰਮਲ ਵਿਸ਼ਾ ਨਹੀਂ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ 'ਅਕਾਲ ਉਸਤਤਿ' ਵਿਚ ਅਕਾਲ ਪੁਰਖ ਦੇ ਸੁੰਦਰ ਸਰੂਪ ਦਾ ਵਰਨਣ ਇੰਝ ਕਰਦੇ ਹਨ-

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ।
ਪ੍ਰਾਨ ਕੇ ਬੱਚਯਾ ਦੂਧ ਪੂਤ ਕੇ ਦਿਵੱਯਾ।
ਰੋਗ ਸੋਗ ਕੇ ਮਿੱਟਯਾ ਕਿਧੋਂ ਮਾਨੀ ਮਹਾਂਮਾਨ ਹੋ।
ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ।
ਕਿ ਸਿੱਧਤਾ ਕੀ ਸੂਰਤ ਹੋ ਕਿ ਸੁੱਧਤਾ ਕੀ ਸ਼ਾਨ ਹੋ।
ਜੋਬਨ ਕੇ ਜਾਲ ਹੋ ਕਿ ਕਾਲ ਹੂ ਕੇ ਕਾਲ ਹੋ।
ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ।
(ਦਸਮ ਗ੍ਰੰਥ)

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ 'ਸੁੰਦਰਤਾ' ਨੂੰ ਬਾਹਰੀ ਦਿੱਖ ਰਾਹੀਂ ਮਾਪਣ ਦੀ ਮਨੁੱਖੀ ਪ੍ਰਵਿਰਤੀ ਕਾਰਣ ਕਈ ਵਿਅਕਤੀ ਸਰੀਰਕ, ਸਮਾਜਕ, ਸਭਿਆਚਾਰਕ, ਧਾਰਮਿਕ ਆਦਿ ਖੇਤਰਾਂ 'ਚ ਸੋਹਣੇ ਦਿਖਣ ਦੀ ਕੋਸ਼ਿਸ਼ ਕਰਦੇ ਹਨ।ਇਸ ਲਈ ਸੋਹਣੇ ਕੱਪੜੇ ਪਾਉਣੇ, ਸਮਾਜ 'ਚ ਭਲਾਈ ਦੇ ਵਿੱਤ ਅਨੁਸਾਰ ਕਾਰਜ ਕਰਨੇ, ਸਭਿਆਚਾਰਕ ਦੇ ਵਾਧੇ ਲਈ ਸਮਾਗਮ, ਗੁਰੂ ਘਰ ਦੇ ਭਾਂਡੇ ਮਾਜਣ-ਝਾੜੂ ਮਾਰਨ ਆਦਿ ਦੀ ਸੇਵਾ ਕਰਕੇ ਮਾਣ ਵਡਿਆਈ ਦੇ ਪਾਤਰ ਬਣੇ ਰਹਿੰਦੇ ਹਨ। ਪਰ ਗੁਰਮਤਿ ਕਿਉਂਕਿ ਪਤੀ ਪਰਮਾਤਮਾ ਨੂੰ ਮਿਲਣ ਲਈ ਜੀਵ ਰੂਪੀ ਪਤਨੀ ਨੂੰ ਪ੍ਰੇਰਿਤ ਕਰਦੀ ਹੈ, ਇਸ ਲਈ 'ਸੋਹਣੇਪਣ' ਦੀ ਮਾਪਣਾ ਇੰਝ ਕਰਦੀ ਹੈ-



www.AKJ.Org

ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥(੭੮੫)

ਗੁਰਮਤੀ ਫਿਲਾਸਫ਼ੀ ਮੁਤਾਬਕ ਸੋਹਣੇ ਮਨੁੱਖ ਦੀ ਪਰਿਭਾਸ਼ਾ ਦਾ ਕੇਂਦਰ ਬਿੰਦੂ 'ਨਾਮ' ਤੇ ਆ ਕੇ ਹੀ ਟਿਕਦਾ ਹੈ। 'ਨਾਮ' ਦੀ ਉਚੱਤਾ ਰੱਖਣ ਵਾਲਾ ਗੁਰਸਿੱਖ ਹੀ ਗੁਰਮਤਿ ਦੀ ਰੋਸ਼ਨੀ 'ਚ ਸੋਹਣਾ ਅਤੇ ਸੁਚੱਜਾ ਮੰਨਿਆਂ ਗਿਆ ਹੈ। ਸਾਧ ਸੰਗਤ ਦੇ ਦਰਸ਼ਨ ਦੀਦਾਰੇ ਦਾ ਅਨੰਦ ਹਾਸਲ ਕਰਤਾ ਗੁਰਸਿੱਖ ਹੀ 'ਸੁੰਦਰ' ਮਨੁੱਖ ਦਾ ਦਰਜਾ ਹਾਸਲ ਕਰਦੇ ਹਨ-

*ਸੇਈ ਸੁੰਦਰ ਸੋਹਣੇ ॥ਸਾਧ ਸੰਗਿ ਜਿਨ ਬੈਹਣੇ ॥* (੧੩੨)

ਡਾ: ਸੁਰਿੰਦਰ ਸਿੰਘ ਆਪਣੀ ਪੁਸਤਕ "ਪੰਜਾਬੀ ਸਾਹਿਤ ਦਾ ਇਤਿਹਾਸ" ਰਾਹੀ ਗੁਰੂ ਹਰਿਰਾਏ ਜੀ ਦੀ ਬੀਬੀ ਰੂਪ ਕੌਰ ਦੀ ਪੋਥੀ 'ਚੋਂ ਸੁੰਦਰ ਵਿਅਕਤੀ ਦਾ ਚਿਤਰਣ ਇੰਝ ਕਰਦੇ ਹਨ- "ਇਕਿਨ ਸਿਖਿ ਗੁਰੂ ਪਾਸਿ ਅਰਦਾਸ ਕੀਤੀ, ਪਾਤਸ਼ਾਹ ਜੀਉ, ਸੋਹਣਾ ਕਉਣ ਹੈ। ਗੁਰੂ ਬੋਲਿਆ, ਬੱਚਾ ਸ਼ਿਵ ਰੂਪ ਸੋਹਣਾ ਹੈਂ, ਸ਼ਕਤ ਰੂਪ ਕੁਸੋਹਣਾ ਸੋਹਣੇ ਕੁਸੋਹਣੇ ਦਾ ਇਹ ਬਿਬੇਕ ਹੈਂ ਜੇ ਸੋਹਣੇ ਨੂੰ ਹਰ ਕੋਈ ਦੇਖਣ ਆਉਂਦਾ ਹੈਂ, ਕੁਸੋਹਣੇ ਪਾਸਿ ਕੋਈ ਨਹੀ ਆਉਂਦਾ ਹੈਂ ਮਹਾਪੁਰਖਾਂ ਅੰਦਰ ਸਬੁਧਿ ਹੈ, ਤਿਸ ਦਾ ਦਰਸ਼ਨ ਦੇਖਣ ਸੰਸਾਰ ਆਉਦਾ ਹੈਂ ਅਤੇ ਜਿਨਾਂ ਦੇ ਅੰਦਰਿ ਹਉਮੈ ਸਕਤਿ ਹੈ, ਤਿਨਾ ਪਾਸਿ ਕੋਈ ਨਹੀ ਆਉਂਦਾ। ਜਿਉਂ ਚੰਦ ਡਿਠਿਆ ਪਰਮਸ਼ਾਂਤਿ ਉਪਜਦੀ ਹੈਂ ਅਤੇ ਸੂਰਜ ਵੱਲ ਝਾਕ ਕੋਈ ਨਹੀਂ ਸਕਦਾ ਅਤੇ ਮਹਾਂਪੁਰਖੈ ਕਾ ਬੋਲਣਾ ਮਿੱਠਾ ਲੱਗਦਾ ਹੈਂ ਅਤੇ ਸਾਕਤ ਦਾ ਬੋਲਣਾ ਕਿਸੇ ਨੂੰ ਨਹੀਂ ਸੁਖਾਂਦਾ।"

ਗੁਰਮਤਿ ਵੀ ਉਕਤ ਸਾਖੀ ਮੁਤਾਬਿਕ ਸਾਧ ਸੰਗ ਕਰਨ ਵਾਲੇ, ਨਾਮ ਜਪਣ ਵਾਲੇ, ਨੂੰ 'ਸੋਹਣਾ' ਮੰਨਦੀ ਹੈ। ਗੁਰਬਾਣੀ ਵਿਚ "ਵਾਹੁ ਵਾਹੁ ਕਰਹਿ ਸੇਈ ਜਨੁ ਸੋਹਣੇ...." ਦੇ ਸਿਧਾਂਤ ਨੂੰ ਪ੍ਰਚਾਰਣ ਲਈ ਕਈ ਪ੍ਰਮਾਣ ਮਿਲਦੇ ਹਨ। ਸੋਹਣੇ ਮਨੁੱਖਾ ਦੇ ਇਕੱਠ ਵਾਲੀ ਥਾ ਦੇ ਵੀ ਸੋਹਣੇ ਹੋਣ ਦੀ ਗੁਰਬਾਣੀ ਪ੍ਰੋੜਤਾ ਕਰਦੀ ਹੈਂ-

ਜਿਥੈ ਬੈਸਨਿ ਸਾਧ ਜਨੁ ਸੋ ਥਾਨੁ ਸੁਹੰਦਾ॥

ਪ੍ਰਸਿੱਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਨੇ ਨਾਮ-ਸਾਧਨਾ ਦੀ ਵਡਿਆਈ ਨੂੰ ਉਚਿਆਉਂਦਿਆਂ ਦ੍ਰਿਸ਼ਟਮਾਨ, 'ਸੁੰਦਰਤਾ' ਨਾਲੋਂ ਅਦ੍ਰਿਸ਼ਟ 'ਸੁੰਦਰਤਾ ਘਾੜੇ' ਨੂੰ ਖੋਜਣ, ਘੋਖਣ ਦੀ ਲੋੜ ਤੇ ਜੋਰ ਦਿੱਤਾ ਹੈ ਇਸ ਸੰਸਾਰ ਵਿਚ ਨਜ਼ਰ ਆਉਂਦਾ ਨੂਰ, ਪ੍ਰਕਾਸ਼, ਸੁਹੱਪਣ ਅਤੇ ਖੇੜਾ ਸਿਰਜਣਹਾਰ ਦੀ ਆਪਣੀ ਕ੍ਰਿਤ ਹੀ ਤਾਂ ਹੈ। ਇਸੇ ਕਰਕੇ ਭਾਈ ਵੀਰ ਸਿੰਘ ਨੇ ਲਿਖਿਆ ਹੈ ਕਿ

ਸਿਰਜਣਹਾਰ ਹੈ ਸੁੰਦਰਤਾ ਆਪ ਸਾਰੀ,
ਜਿਸ ਨੂੰ ਸੁੰਦਰ ਹੀ ਸੁੰਦਰ ਸਿਆਣੀਏ ਜੀ।
ਜਿਥੇ ਸੁੰਦਰਤਾ ਆਪ ਪ੍ਰਕਾਸ਼ ਪਾਵੇ,
ਉਥੇ 'ਰੱਬੀ ਪ੍ਰਕਾਸ਼' ਪਛਾਣੀਏ ਜੀ।

'ਰੱਬੀ ਪ੍ਰਕਾਸ਼' ਤੋਂ ਅੰਨ੍ਹੇ ਵਿਅਕਤੀ ਨਜ਼ਰੀਂ ਆਉਂਦੀ 'ਸੁੰਦਰਤਾ' ਨੂੰ ਵੇਖ ਕੇ ਮੋਹਿਤ ਹੋ ਜਾਂਦੇ ਹਨ, ਜੋ ਕਿ ਉਨ੍ਹਾਂ ਲਈ ਕਈ ਵਾਰ ਦੁਖ ਦਾ ਕਾਰਣ ਵੀ ਬਣ ਜਾਂਦੀ ਹੈ। ਦੇਵੀ-ਦੇਵਤਿਆ ਤੋਂ ਲੈ ਕੇ ਅੱਜ ਤੱਕ ਚਲੀ ਆ ਰਹੀ ਪਰਾਏ ਰੂਪ ਨੂੰ ਤੱਕਣ ਦੀ ਰੁਚੀ ਨੇ ਮਨੁੱਖੀ ਸਮਾਜ ਨੂੰ 'ਰੱਬੀ ਨੂਰ' ਦੇ ਦੀਦਾਰਿਆਂ ਤੋਂ ਵਾਂਝਿਆਂ ਕਰ ਰਖਿਆ ਹੈ। ਬੇਸ਼ੱਕ ਸੋਹਣੇ ਲਗਣ ਦਾ ਚਾਅ ਕੁਦਰਤੀ ਬਖਸ਼ਿਸ਼ ਮੰਨੀ ਜਾ ਸਕਦੀ ਹੈ ਪਰ ਅਸਿੱਧੇ ਰੂਪ 'ਚ ਮਨੁੱਖੀ ਨਜ਼ਰੀਆ ਵਿਰੋਧੀ ਲਿੰਗ ਨੂੰ ਖਿਚ ਪਾਉਣਾ ਹੁੰਦਾ ਹੈ। ਜਿਸ ਨੂੰ ਠੱਲ੍ਹਣ ਲਈ ਗੁਰਬਾਣੀ ਉਪਦੇਸ਼ ਹੈ -

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥
ਸਾਧ ਕੀ ਟਹਲ ਸੰਤ ਸੰਗਿ ਹੇਤ॥
(ਸੁਖਮਨੀ ਸਾਹਿਬ)

ਜਿਹੜੇ ਵਿਅਕਤੀ ਸੰਸਾਰੀ ਸੁੰਦਰਤਾ 'ਚ ਗਵਾਚ ਕੇ 'ਧੁਰ ਕੀ ਬਾਣੀ' ਦੇ ਧੁਰੇ ਲਈ ਆਖੇ "ਤੁਮ ਹੀ ਸੁੰਦਰ ਤੁਮਹਿ ਸੁਹਾਗ॥" ਨੂੰ ਭੁੱਲ ਕੇ ਸੰਸਾਰੀ-ਸਰੀਰਕ ਰਸਾਂਕਸਾਂ 'ਚੋਂ ਅਨੰਦ ਲੱਭਦੇ ਹਨ ਉਹ ਭੁਲੇਖੇ 'ਚ ਹਨ। ਅਜਿਹੇ ਵਿਅਕਤੀ ਧੁਰੇ ਨਾਲੋਂ ਟੁੱਟਣ ਕਰਕੇ ਪਛਤਾਵਿਆਂ ਵਾਲੀ ਜ਼ਿੰਦਗੀ ਬਤੀਤ ਕਰਦੇ ਹਨ। ਉਨ੍ਹਾਂ ਦੇ ਤੱਤ ਰੂਪ ਵਿਚ ਦਿਲੋਂ ਹੂਕ ਇਹੋ ਨਿਕਲਦੀ ਹੈ ਕਿ -

ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ॥ (੫੬੧)

ਪੰਨਾ ੮ ਦਾ ਬਾਕੀ

੫. ਜੱਥੇਬੰਦੀ :- ਕਾਬਲ, ਈਰਾਨ, ਸਿੰਧ, ਬੰਗਾਲ ਤੇ ਲੰਕਾ ਤਕ ਮੰਸਦ ਥਾਪ ਕੇ ਤੇ ਬਾਕਾਇਦਾ ਦਸਵੰਦ ਸਿਖ ਸੰਗਤਾਂ ਪਾਸੋਂ ਲੈਣ ਦੀ ਮਰਯਾਦਾ ਚਲਾ ਕੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਚ ਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੁੰਕਮਲ ਕਰ ਕੇ ਸਤਿਗੁਰੂ ਨੇ ਸਿਖਾਂ ਨੂੰ ਰੂਹਾਨੀ, ਇਲਮੀ, ਭਾਈਚਾਰਕ ਤੇ ਧਾਰਮਿਕ ਜਥੇਬੰਦੀ ਦੀ ਅਮਲੀ ਸੰਥਾ ਸਿਖਾ ਦਿਤੀ ਹੈ।

ਮੈਂ ਅਜ ਗੁਰੂ ਦੇ ਚਰਨਾਂ ਦਾ ਧਿਆਨ ਕਰ ਕੇ ਇਹ ਪੰਜ ਗੁਣ ਸੰਖੇਪ ਜਿਹੇ ਸਤਿਗੁਰੂ ਦੇ ਲਿਖੇ ਹਨ। ਪੰਥ ਅਤੇ ਦੇਸ਼ ਦੇ ਮੌਜੂਦਾ ਲੀਡਰ ਇਨ੍ਹਾਂ ਪੰਜਾਂ ਗੁਣਾਂ ਦੀ ਸਿਖਿਆ ਤੋਂ ਬੜਾ ਕੁਝ ਸਿਖ ਸਕਦੇ ਹਨ ਅਤੇ ਆਪਣਾ ਜੀਵਨ ਸੁਧਾਰ ਸਕਦੇ ਹਨ। ਆਓ, ਅਜ ਅਸੀਂ ਝੋਲੀ ਅਡ ਕੇ ਸਤਿਗੁਰੂ ਦੇ ਦਰੋਂ ਦਾਨ ਮੰਗਾਏ ਕਿ ਬਾਬਾ ਅਸਾਨੂੰ ਭੀ ਕੁਛ ਬਖਸ਼।


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੩-ਕਰੇ ਕਰਾਏ ਆਪਿ ਪ੍ਰਭੁ

(ਲੜੀ ਜੋੜਨ ਲਈ ਦੇਖੋ ਸੂਰਾ ਅਪ੍ਰੈਲ ੯੮)

ਕਰਮਾਂ ਉਪਰਿ ਨਿਬੇੜੇ ਦਾ ਫੈਸਲਾ ਕਰਤਾਰ ਕਰਨਹਾਰ ਦੇ ਹਥਿ ਹੋਣ ਕਰ ਕੇ ਅਤੇ 'ਕਾਰਨ ਕਰਤੇ ਵਸਿ' ਦੇ ਅੰਭਿਪਰੇ ਅਨੁਸਾਰ ਇਹੁ ਅਸੂਲ ਐਨ ਗੁਰਮਤਿ ਅਨਕੂਲ ਹੈ ਕਿ "ਕਰੇ ਕਰਾਏ ਆਪਿ ਪ੍ਰਭੁ" ਇਸ ਗੁਰਵਾਕ ਅਨਕੂਲਤਾ ਦੀ ਪ੍ਰੋੜ੍ਹਤਾ ਵਿਚਿ ਹੋਰ ਭੀ ਗੁਰਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ। ਜਿਨਾਂ ਉਪਰਿ ਵੀਚਾਰ ਕਰ ਕੇ ਵਿਆਖਿਆ ਕਰਨਾ ਏਥੇ ਅਤੀ ਉਚਿਤ ਹੋਵੇਗਾ। ਪਹਿਲਾ ਗੁਰਵਾਕ ਇਸ ਭਾਵ ਦੀ ਪ੍ਰੋੜ੍ਹਤਾ ਵਿਚਿ ਇਹੁ ਦ੍ਰਿਸਟੀ ਆਇਆ ਹੈ:-

"ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ॥
ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ॥
ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥
ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ॥"੩॥੪॥੫॥੭੪॥
(ਸਿਰੀ ਰਾਗੁ ਮਹਲਾ ੫)(੪੩)

ਭਾਵ:- ਸਿਫਤਿ ਸਾਲਾਹ ਰੂਪੀ ਸਿਮਰਨ ਸੇਵਾ ਨਾਮ ਅਭਿਆਸ ਕਮਾਈ ਦੀ ਯਾਚਨਾ ਕਰਨੀ ਗੁਰੂ ਕਰਤਾਰ ਦੁਆਰਿਓਂ ਮੰਗ ਮੰਗਣੀ ਗੁਰੂ ਘਰ ਦੇ ਉਦਮ ਜਗਿਆਸੂ ਮੰਗਤ ਜਨਾਂ ਯਾਚਕਾਂ ਨਾਮ ਭੀਖ ਦੇ ਭਿਖਾਰੀਆਂ ਦਾ ਇਕੋ ਇਕ ਕਸਬ ਹੈ, ਜੋ ਅਭਿਆਸ ਰੂਪੀ ਸ੍ਰੇਸ਼ਟ ਕਰਮ ਕਰਨਹਾਰਿਆਂ ਦੇ ਵਸਿ ਗੋਚਰਾ ਹੈ। ਇਹ ਯਾਚਨਾ ਰੂਪੀ ਕਸਬ ਭੀ ਜਿਸ ਤੋਂ ਆਪਿ ਕਰਤਾਰ ਕਰਾਏ, ਸੋਈ ਕਰਦਾ ਹੈ। ਤਿਸੈ ਅਧਿਕਾਰੀ ਯਾਚਕ ਜਨ ਦੇ ਰਿਦੇ ਅੰਦਰਿ ਹੀ ਇਹ ਯਾਚਨਾ ਸਫੁਰਨ ਹੁੰਦੀ ਹੈ। ਜਿਸ ਤੋਂ ਆਪਿ ਕ੍ਰਿਪਾਲੂ ਕਰਤਾਰ ਨੇ ਆਪਣੀ ਕਿਰਪਾ ਦਇਆ ਮਇਆ ਕਰਿ ਉਕਤ ਯਾਚਨਾ ਅਨੁਸਾਰੀ ਉਕਤ ਸਫੋਰਤ ਸੁਫਤਾਈ ਯਾਚਨਾ ਕਸੱਬੀ ਕਰਮ ਕਰਾਉਣਾ ਮਨਜ਼ੂਰੇ ਨਜ਼ਰ ਹੋਇਆ ਵਿਆ ਹੁੰਦਾ ਹੈ। ਤਾਹੀਓਂ ਤਾਂ ਸੇਵਕ ਜਨ ਸੇਵਾ ਯਾਚਕੂ ਦੀ ਯਾਚਨਾ ਤੁਰਤੋ ਫੁਰਤ ਹੀ ਥਾਂਇ ਪੈਂਦੀ ਹੈ ਅਤੇ "ਲਾਈਆਂ ਅਪੁਨੀ ਸੇਵ" ਵਾਲੀ ਮੇਹਰੰਮਤਿ ਉਸ ਉਪਰਿ ਹੋ ਜਾਂਦੀ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਸਿਫਤਿ ਸਲਾਹ ਰੂਪੀ ਸਚੀ ਸੇਵਾ ਵਿਖੇ ਤਤਪਰ ਹੋ ਕੇ ਉਹੀ ਸੇਵਕ ਜਨ ਲਗਦਾ ਹੈ ਜਿਸਨੂੰ ਵਾਹਿਗੁਰੂ ਆਪਿ ਲਾਵੇ। ਵਾਹਿਗੁਰੂ ਦੀ ਆਪਣੀ ਸੇਵ ਅਪਣਾਇਆਂ ਹੋਇਆਂ ਦਰੋਂ ਘਰੋਂ ਵਰੋਸਾਇਆਂ ਹੋਇਆਂ ਨੂੰ ਹੀ ਮਿਲਦੀ ਹੈ। ਸਿਮਰਨ ਰੂਪੀ ਸੇਵਾ ਦੀ ਮੁਸ਼ੱਕਤ ਘਾਲ ਕਮਾਈ ਅਤੇ ਪੁਜੇ ਹੋਏ ਗੁਰਮੁਖਿ ਸਾਧੂ ਦਾ ਸੰਗ ਤੁਠੇ ਗੁਰਦੇਵ ਸਚੇ ਸਤਿਗੁਰੂ ਦੀ ਸੁਪ੍ਰਸੰਨਤਾ (ਤੁਸੱਤਾ) ਦੁਆਰਾ ਹੀ ਪ੍ਰਾਪਤਿ ਹੁੰਦੀ ਹੈ। ਇਹ ਸਾਰੀ ਗਲ ਸਚੇ ਸਾਹਿਬ ਦੀ ਵਸਗਤਿ ਵਾਲੀ ਹੀ ਹੈ। ਸਚੇ ਸਾਹਿਬ ਗੁਰੂ ਕਰਤਾਰ ਦੇ ਹੀ ਵਸਿ ਹੈ ਜਿਸਨੂੰ ਚਾਹੇ ਜਿਸ ਉਪਰਿ ਉਹ ਸੁਪ੍ਰਸੰਨ ਹੋਵੇ ਤਿਸੈ ਨੂੰ ਇਹ ਸਿਮਰਨ ਨਾਮ ਅਭਿਆਸ ਰੂਪੀ ਸਚੀ ਕਮਾਈ ਵਾਲੀ ਸੇਵਾ ਮਿਲਦੀ ਹੈ। ਇਹੀ ਸੇਵਾ ਸਚਾ ਸੁਕ੍ਰਿਤ ਕਰਮ ਹੈ। ਜਿਸਨੂੰ ਕਮਾਵਨਾ ਗੁਰਮਤਿ ਅਨੁਸਾਰ ਸਭ ਤੋਂ ਸ੍ਰੇਸਟ ਅਤੇ ਸਰਬੋਤਮ ਹੈ। ਸੇਵਾ ਦਾ ਪ੍ਰੇਰਕ ਸੇਵਾ ਦਾ ਤੁਠਕ ਪ੍ਰਸਾਦੀ ਹੋਣ ਕਰ ਕੇ ਸਚਾ ਸਾਹਿਬ ਪ੍ਰਭੂ ਪ੍ਰਮਾਤਮਾ ਹੀ ਕਰਨ ਕਰਵਾਨ ਹਾਰਾ (ਕਰਣ ਕਰੇਵ) ਹੈ। ਸਿਮਰਨ ਸੇਵਾ ਰੂਪੀ ਕਰਮ ਨੂੰ "ਕਰੇ ਕਰਾਏ ਆਪਿ ਪ੍ਰਭੁ" ਵਾਲੀ ਤੁਸੱਤਾ ਪ੍ਰਸਾਦਤਾ ਠੀਕ ਢੁਕਦੀ ਹੈ। ਐਸੇ ਤੁਠੇ ਸਤਿਗੁਰੂ ਸਾਹਿਬ ਦੇ ਸਦਾ ਬਲਿਹਾਰਨੇ ਜਾਈਏ ਜੋ ਸੇਵਕ ਮੰਗਤ ਜਨਾ ਦੀ ਸਚੀ ਮਨਸਾ ਪੂਰਨ ਹਾਰਾ (ਪੂਰੀ ਕਰਨ ਹਾਰਾ) ਹੈ। ਅਗਲੇਰਾ ਗੁਰਪ੍ਰਮਾਣ ਭੀ ਉਪਰਲੇ ਭਾਵ ਦੀ ਪ੍ਰੋੜ੍ਹਤਾ ਦਰਸਾਉਂਦਾ ਹੈ:-

"ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ"॥
ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ॥ ਨਾਨਕ
ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ॥"੪॥੧੫॥੮੫॥
(ਸਿਰੀ ਰਾਗੁ ਮਹਲਾ ੫)(ਪੰਨਾ੪੮)

ਜੀਵਾਂ ਨੂੰ ਮਾਰ ਕੇ ਆਪੇ ਜੀਵਾਲਣ ਹਾਰ ਕਰਨ ਕਾਰਨ ਸਮਰਥ ਵਾਹਿਗੁਰੂ ਦੇ ਹੀ ਸਭ ਕਿਛ ਹਥਿ ਵਿਚ ਹੈ। ਓਹੀ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਅਗਲੇ ਜਨਮਾਂ ਵਿਖੇ ਓਹਨਾ ਤੋਂ ਬਦਲੇ ਵਜੋਂ ਸਜਾਈ ਜਜ਼ਾਈ (ਬਦਲੇ ਦੀ) ਕਰਮ ਆਪਿ ਕਰਾਉਂਦਾ ਹੈ ਇਉਂ ਸਚੋ ਸੱਚਾ ਨਿਆਉ ਹਥੋ ਹਥੀ ਭੁਗਤਾਉਂਦਾ ਹੈ ਤਿਨਾਂ ਨਿਆਉਂ-ਭੁਗਤਾਈ ਕਰਮਾਂ ਦਾ ਪ੍ਰੇਰਕ ਹੋ ਕੇ ਜੋ ਕਰਮ ਓਹ ਜੀਵਾਂ ਪਾਸੋਂ ਕਰਾਉਂਦਾ ਹੈ ਇਕ ਪ੍ਰਕਾਰ ਆਪਿ ਓਹ ਕਰਮ ਕਰਦਾ ਹੈ। ਪ੍ਰੇਰਕ ਜੋ ਹੋਇਆ। ਕਰਮ ਭੁਗਤਾਊ ਇਸ ਪ੍ਰਕਾਰੀ ਨਿਆਉਂ-ਨਿਬੇੜੇ ਦੀ ਸਭ ਬਿਧਿ ਓਸ ਹੀ ਦੇ ਹਥਿ ਗੋਚਰੀ ਹੈ। ਜੀਵਾਂ ਦੇ ਕਰਮਾਂ ਦਾ ਚਿਤਰ-ਗੁਪਤੀ ਲੇਖਾ ਹਰਦੰਮ ਉਸ ਦੇ ਪਾਸਿ ਹੈ, ਕਿਉਂਕਿ ਓਹ ਸਰਬਤਰ ਜੀਵਾਂ ਦੇ ਅੰਤਰਿ ਬਾਹਰਿ ਵਿਆਪਕ ਵਸਦਾ ਹੋਇਆ ਹਰ ਛਿਨ ਤਿਨਾਂ ਦੇ ਅੰਗਿ ਸੰਗਿ ਹੈ। ਜੀਵਾਂ ਦੇ ਕਰਮਾਂ ਨੂੰ ਸਦਾ ਦੇਖਦਾ ਪਰਖਦਾ ਹੈ ਅਤੇ ਦੇਖ ਪਰਖ ਕੇ ਹੀ ਤਿਨ੍ਹਾਂ ਨੂੰ ਆਵਾ ਗਵਨੀ ਜਨਮ ਜੋਨੀਆਂ ਵਿਚਿ ਪਾਉਂਦਾ ਹੈ ਮਾਰਕੇ ਭੀ, ਜੀਵਾਲ ਕੇ ਭੀ ਤਿਨਾਂ ਤੋਂ ਇਨਸਾਫੋਂ-ਇਨਸਾਫ ਕਰਮੀ ਨਿਬੇੜੇ ਕਰਾਉਂਦਾ ਹੈ। ਇਸ ਨਿਆਉਂ ਨਿਬੇੜੀ ਸਿਲਸਿਲੇ


www.AKJ.Org

ਵਿਚ ਜੀਵ ਜੋ ਕਰਮ ਕਰਦੇ ਹਨ ਓਹ ਅਣਸਰਦੇ ਨੂੰ ਹੀ ਕਰਦੇ ਹਨ। ਬੇਬਸ ਹੋ ਕੇ ਕਰਦੇ ਹਨ। ਕਰਮਾ ਦੀ ਖਸਮ-ਹਥੀ ਨਕ ਨਥੀ ਨਕੇਲ ਦੇ ਨਕੇਲੇ ਹੋਏ ਕਰਦੇ ਹਨ। ਇਉਂ "ਕਰੇ ਕਰਏ ਆਪਿ ਪ੍ਰਭੁ" ਵਾਲੀ ਪ੍ਰਭਤਾ ਕਰਮ ਨਿਵਾਰਨੀ ਭੁਗਤਾਉਣੀ ਸਾਹਿਬੀ ਸਾਹਿਬ ਸਮਰਥ ਦੇ ਸਮਰਥਤਾ ਅਧੀਨ ਹੈ। ਸਰਬ ਜੀਵਾਂ ਦੇ ਸਮਗਰ ਕਰਮਾਂ ਦਾ ਚਿਤਰ-ਗੁਪਤਾ ਹੋਣ ਕਰਿ ਓਹ ਸਰਬ ਘਟਾ ਕਾ ਨਾਥ ਹੈ। ਤਾਂਤੇ ਉਸ "ਸਰਬ ਘਟਾ ਕੇ ਨਾਥ" ਪ੍ਰਭੂ ਪ੍ਰਮਾਤਮਾ ਦੀ ਸਦਾ ਸਰਨਾਗਤਿ ਹੋਇ ਰਹਿਣਾ ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿਖਾਂ ਦਾ ਬਿਰਦੁ ਹੈ।

ਕਿਲਵਿਖ ਪਾਪਾਂ ਦਾ ਮਲੀਆਮੇਟ ਕਰਨ ਲਈ ਅਨਮਤਿ ਤੰਤ ਮੰਤ ਰੂਪੀ ਅਉਖਧਾ ਦਾ ਕੁਛ ਚਾਰਾ ਨਹੀਂ ਚਲਦਾ। ਗੁਰਮਤਿ ਨਾਮ ਦਾ ਸਿਮਰਨ ਅਭਿਆਸ ਹੀ ਸਚੀ ਅਉਖਧੀ ਹੈ। ਕਿਲ ਵਿਖ ਰੋਗਾਂ ਤੇ ਪਾਪਾਂ ਦੇ ਬਿਨਾਸ ਕਰਨ ਲਈ ਜਿਨਾਂ ਨੂੰ ਆਪਿ ਕਰਨ ਹਾਰ ਕਰਤਾਰ ਪੁਠੀ ਭੁਲਾਉਣੀ ਦਿੰਦਾ ਹੈ, ਤਿਨਾਂ ਨੂੰ ਭੁਲਾਇਕੇ ਅਨਮਤਿ ਕੂੜਾਵੇ ਤੰਤਾ ਮੰਤਾਂ ਵਲ ਲਗਾ ਦਿੰਦਾ ਹੈ ਅਤੇ ਗੁਰਮਤਿ ਨਾਮ ਦੇ ਪਾਸੇ ਆਉਣ ਹੀ ਨਹੀਂ ਦਿੰਦਾ, ਓਹਨਾਂ ਨੂੰ ਸਿਮਰਨ ਗੁਰਮਤਿ ਨਾਮੁ ਉਕਾ ਹੀ ਵਿਸਰਾਇ ਦਿੰਦਾ ਹੈ ਅਤੇ ਜਿਨਾਂ ਉਤੇ ਉਸਦੀ ਕਿਰਪਾ ਹੁੰਦੀ ਹੈ, ਤਿਨਾਂ ਨੂੰ ਗੁਰਮਤਿ ਸੁਮਾਰਗੀ ਪੱਖ ਪਾਸੇ ਤੇ ਹੀ ਰਖਦਾ ਹੈ ਅਤੇ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਤੇ ਤਤਪਰ ਕਰ ਕੇ ਲਾਇ ਦਿੰਦਾ ਹੈ। *ਚੇਤੇ ਰਹੇ, ਕਿ ਇਹ ਸੁਮਾਰਗ ਪਾਉਣ ਵਾਲੀ ਉਸਦੀ ਕਿਰਪਾ ਅਤੇ ਕੁਮਾਰਗ ਲਾਉਣ ਵਾਲੀ ਉਸ ਦੀ ਕ੍ਰੂਰ ਦ੍ਰਿਸ਼ਟੀ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਹੁੰਦੀ ਹੈ।* ਅਲਪਗ ਪ੍ਰਾਨੀਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਕੇਹੜੇ ਕਰਮਾਂ ਤੋਂ ਉਹ ਪੁਕਰਦਾ ਹੈ ਤੇ ਕੇਹੜੀ ਕਰਨੀ ਨੂੰ ਓਹ ਮਨਜ਼ੂਰ ਨਜ਼ਰ ਕਰਦਾ ਹੈ। ਅਤੇ ਕੇਹੜਾ ਕਰਮ ਉਸਦੀ ਰਜ਼ਾ ਤੋਂ ਉਲਟ ਅਤੇ ਬੇਪਰਜੇ ਹੁੰਦਾ ਹੈ। ਗੁਰਮਤਿ ਦੇ ਖੋਜੀਆਂ ਨੂੰ ਤਾਂ ਪੱਕਾ ਨਿਸਚਾ ਹੁੰਦਾ ਹੈ ਕਿ ਗੁਰੂ ਕਰਤਾਰ ਦੀਆ ਨਜ਼ਰਾਂ ਅੰਦਰਿ ਪਰਵਾਣ ਹੋਣ ਵਾਲਾ ਇਕੋ ਇਕ ਕਰਮ ਸੁਕਰਮ ਸਰਬੋਤਮ ਸਰਬ ਸ੍ਰੇਸਟ ਕਰਮ, ਸਿਫਤਿ ਸਲਾਹ ਨਾਮੁ ਅਭਿਆਸ ਦੀ ਕਮਾਈ ਹੈ ਸੋ ਵਿਰਲੇ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਨਾਂ ਨੂੰ ਪਤਾ ਲਗ ਜਾਣ ਪਰ ਭੀ ਦ੍ਰਿੜਤਾ ਵਲੋਂ ਊਣਤਾ ਰਹਿੰਦੀ ਹੈ ਅਤੇ ਇਸ ਦ੍ਰਿੜਤਾਈ ਦੀ ਊਣਤਾਈ ਕਰਕੇ ਉਹ ਲਟਪੀਘ ਹੋ ਕੇ ਨਾਮ ਅਭਿਆਸ ਕਮਾਈਆਂ ਕਰਨ ਲਈ ਜੁਟਦੇ ਨਹੀਂ, ਓਹਨਾਂ ਉਤੇ ਨਦਰ ਕ਼ਰਮ ਦੇ ਖੁਲ੍ਹੇ ਗਫੇ ਨਹੀਂ ਵਰਤਦੇ, ਸੰਕੋਚਵੇਂ ਹੀ ਰਹਿੰਦੇ ਹਨ। ਪਰ ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਉਦਮ ਕਰਕੇ ਜੋ ਜਨ ਸਿਮਰਨ ਦਾ ਲੜਿ ਫੜਦੇ ਹਨ ਅਤੇ ਅਭਿਆਸ ਕਮਾਈਆਂ ਕਰਨ ਲਈ ਕਮਰਕਸੇ ਕਰ ਕੇ ਤਿਆਰ ਬਰਤਿਆਰ ਹੋ ਜਾਂਦੇ ਹਨ, ਤਿਨਾਂ ਉਤੇ ਗੁਰੂ ਕਰਤਾਰ ਆਪਣੀ ਉਦਾਰਤਾ ਮੇਹਰ ਨਦਰਾਰਤਾ ਬਹੁਤ ਵਧੇਰੇ ਵਰਸਾਉਂਦਾ ਹੈ ਅਤੇ ਸਦਾ ਚੜ੍ਹਦੀ ਕਲਾ ਵਰਤਾਉਂਦਾ ਹੈ। ਕਈ ਵਾਰ ਐਸਾ ਇਤਫਾਕ ਹੋ ਜਾਂਦਾ ਹੈ, ਕਿ ਅਚੇਤ ਕੋਈ ਐਸਾ ਸ੍ਰੇਸ਼ਟ ਗੁਰਮਤਿ ਉਦਿਓਗੀ ਕਰਮ ਹੋ ਜਾਂਦਾ ਹੈ ਜੋ ਅਭਿਆਸੀ ਜਨ ਨੂੰ ਨਦਰਾਂ ਮੇਹਰਾਂ ਦਾ ਪਾਤਰ ਅਚੇਤ ਹੀ ਬਣਾ ਦਿੰਦਾ ਹੈ। ਓਹ ਐਉਂ ਉਭੜ ਉਭੜ ਕੇ ਉਤਸ਼ਾਹ ਨਾਲਿ ਜੋਰੋ ਜੋਰ ਨਾਮ ਜਪਣ ਲਗ ਜਾਂਦਾ ਹੈ, ਜੋ ਉਸ ਨੂੰ ਪਰਤੀਤ ਹੀ ਨਹੀਂ ਹੁੰਦਾ ਕਿ ਓਹ ਆਪੋਂ ਨਾਮ ਜਪਿ ਰਹਿਆ ਹੈ, ਵਾਸਤਵ ਵਿਚਿ ਓਹ ਅਜੇਹੀਆਂ ਹਾਲਤਾਂ ਵਿਚਿ ਜਪਾਇਆ ਹੀ ਜਪਦਾ ਹੈ। ਕਈਆਂ ਤੋਂ ਅਚਿੰਤ ਹੀ ਕੋਈ ਅਜੇਹਾ ਖੋਟਾ ਕਰਮ ਹੋ ਜਾਂਦਾ ਹੈ ਜਿਸਦਾ ਉਸਨੂੰ ਪਤਾ ਹੀ ਨਹੀਂ ਲਗਦਾ। ਪਰ ਉਸਦੀ ਸੁਰਤੀ ਬਿਰਤੀ ਅਜੇਹੀ ਮਟਰੋੜ ਹੋ ਜਾਂਦੀ ਹੈ ਕਿ ਉਹ ਉਦਮ ਕੀਤਿਆਂ ਭੀ ਅਭਿਆਸ ਕਮਾਈ ਵਲ ਨਹੀਂ ਆਉਂਦਾ। ਬਥੇਰਾ ਯਤਨ ਕਰਦਾ ਹੈ ਪਰ ਬਣ ਹੀ ਨਹੀਂ ਸਕਦਾ ਓਥੇ ਐਉਂ ਉਸਨੂੰ ਜਾਪਦਾ ਹੈ ਕਿ ਉਹ ਭੁਲਾਇਆ ਹੋਇਆ ਹੀ ਭੁਲਦਾ ਹੈ। ਨਾਮ ਜਪਣ ਵਲ ਲਗਣ ਦਾ ਉਸ ਨੂੰ ਭਰਮ ਹੀ ਲਗਾ ਹੁੰਦਾ ਹੈ ਯਥਾ ਗੁਰਵਾਕ:-

"ਅਵਰੁ ਨ ਅਉਖਧੁ ਤੰਤ ਨ ਮੰਤਾ॥
ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥
ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ॥
ਤੂੰ ਆਪੇ ਰਾਖਹਿ ਕਿਰਪਾ ਧਾਰਿ॥"॥੪॥(੮॥੯)
(ਆਸਾ ਮ: ੧ ਪੰਨਾ ੪੧੬)

ਏਸੇ ਹੀ ਉਪਰਲੇ ਭਾਵ ਦੀ ਪ੍ਰੋੜਤਾ ਵਿਚਿ ਹੇਠ ਲਿਖਿਆ ਗੁਰਵਾਕ ਭੀ ਸੁਬਾਉਂ ਹੀ ਫਬਦਾ ਹੈ:-

"ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥
ਦੁਖ ਸੁਖ ਤੇਰੈ ਭਾਣੈ ਹੋਵੈਕਿਸਥੈ ਜਾਇ ਰੂਆਈਐ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥੭॥੧੨॥
(ਰਾਗ ਆਸਾ ਮਹਲਾ ੧ ਅਸਟਦੀਆਂ ਘਰ ੩)(੪੮੮)

ਭਾਵ:- ਜੀਵਾਂ ਨੂੰ ਜੋ ਭੀ ਦੁਖ ਯਾ ਸੁਖ ਮਿਲਦਾ ਹੈ ਸਭ ਕਰਤੇ ਪੁਰਖ ਦੇ ਭਾਣੇ ਅੰਦਰਿ ਮਿਲਦਾ ਹੈ। ਕਰਮਾਂ ਅਨੁਸਾਰ ਮਿਲਦਾ ਹੈ। ਕਰਮ ਬਿਧਾਤੇ ਦੇ ਹੁਕਮ ਮੂਜਬ ਹੀ ਮਿਲਦਾ ਹੈ। ਕਿਸੇ ਨੂੰ ਦੁਖੋਂ ਸੁਖ, ਕਿਸੇ ਨੂੰ ਸੁਖੋਂ ਦੁਖ। ਦੁਨੀਆਵੀ ਸੁਖ ਤੇ ਦੁਖ ਹਰਖ ਤੇ ਸੋਗ ਹੀ ਉਪਜਾਉਂਦੇ ਹਨ। ਹਰਖ ਸੋਗ ਤੋਂ ਨਿਆਰਾ ਨਾਮ ਨੇਅਮਤਾਰਾ ਕੋਈ ਜਨ ਵਿਰਲਾ ਹੀ ਹੈ। ਨਹੀਂ ਤਾਂ ਸੰਸਾਰਕ ਸੁਖ ਦੇ ਹਰਖ ਵੰਤ ਅੰਤ ਦੁਨੀਆਵੀ ਦੁਖ


www.AKJ.Org

ਦੇ ਸੋਗੀ ਰੋਗੀ ਦਰ ਅਸਲ ਸਾਰੇ ਹੀ ਦੁਖੀ ਹਨ ਅਤੇ ਆਪੋ ਆਪਣੇ ਦੁਖਾਂ ਦੀਆਂ ਪੰਡਾਂ ਖੋਲ੍ਹ ਕੇ ਪਏ ਸ਼ਿਕਵੇ ਸ਼ਿਕਾਇਤਾਂ ਦੁਖਾਂ ਦੀਆਂ ਕਰਿ ਕਰਿ ਰੋਣੇ ਰੋਂਦੇ ਹਨ। ਭਾਣੇ ਨੂੰ ਮਿਠਾ ਕਰਕੇ ਨਹੀਂ ਮੰਨਦੇ। ਐਉਂ ਕੋਈ ਨਹੀਂ ਸਮਝਦਾ ਕਿ ਦੁਖ ਸੁਖ ਭਾਣੇ ਦੀ ਖੇਡ ਹੈ। ਆਪੋ ਆਪਣੇ ਪੂਰਬਲੇ ਕਰਮਾਂ ਦੀ ਹੀ ਸਹੇੜ ਹੈ। ਕਰਮਾਂ ਦੀ ਲਬੇੜ ਦੇ ਲਿਬੜੇ ਹੋਏ ਜਨਮ ਜੋਨੀਆਂ ਦੇ ਜੀਵ ਆਪੋ ਆਪਣਾ ਕੀਤਾ ਆਪੇ ਪਾਉਂਦੇ ਹਨ। ਕੀਤਾ ਪਾਉਂਦੇ ਹਨ। ਓਹਨਾਂ ਦਾ ਆਪਣਾ ਕੀਤਾ ਕੁਛ ਨਹੀਂ ਹੁੰਦਾ। ਉਹਨਾਂ ਦੇ ਆਪੋ ਆਪਣੇ ਕਰਮਾਂ ਦੀ ਕਰਤੂਤ ਅਨੁਸਾਰ ਕਰਤਾ ਪੁਰਖ ਓਹਨਾਂ ਤੋਂ ਦੁਖ ਸੁਖ ਭੁਗਤਾਉਣੇ ਕਰਮ ਹੀ ਕਰਾਉਂਦਾ ਹੈ। ਤਿਨਾਂ ਕਰਮਾਂ ਨੂੰ ਮੇਟ ਸਮੇਟ ਕੋਈ ਨਹੀਂ ਸਕਦਾ।ਅਲਪਗ ਜੀਵ ਦਾ ਕੀ ਅਖਤਿਆਰ ਹੈ। ਸਰਬਗ ਕਰਤਾ ਪੁਰਖ ਜੋ ਚਾਹੇ ਸੋ ਕਰੇ। ਓਹਨਾਂ ਤੇ ਕਰਮ ਦੇ ਵਲ ਭੁਗਤਾਵੁਦਾ ਹੈ ਕਰਮਾਂ ਦੇ ਦੁਖ ਸੁਖ ਭੋਗਣਹਾਰੇ ਨਾ ਕਿਸੇ ਨੂੰ ਦੋਸ਼ ਦੇ ਸਕਦੇ ਹਨ ਨਾ ਕਿਸੇ ਨੂੰ ਦੋਸ਼ੀ ਗਰਦਾਨਣ ਦੀ ਕਿਸੇ ਪਾਸ ਸ਼ਕਾਇਤ ਕਰ ਸਕਦੇ ਹਨ। ਆਪਣੀ ਸ਼ਕਾਇਤ ਆਖਿ ਸੁਣਾਉਣ ਤਾਂ ਕਿਸ ਨੂੰ ਆਖਿ ਸੁਣਾਉਣ। ਬੜੀ ਹਦ ਕਰਤੇ ਪੁਰਖ ਨੂੰ ਦੁਹਾਈ ਦੇਣ ਦੀ ਹੈ। ਪਰ ਉਸ ਨੇ ਤਾਂ ਏਹ ਸਾਰਾ ਸਿਲਸਿਲਾ ਰਚਾਇਆ ਹੈ "ਆਪੇ ਕਰੇ ਕਰਾਏ ਕਰਤਾ" ਦੇ ਗੁਰਵਾਕ ਦੇ ਭਾਵ ਅਨੁਸਾਰ ਦੁਖ ਸੁਖ ਭੋਗ ਦੇ ਕਰਮ ਕਰਤਾ ਪੁਰਖ ਆਪ ਆਪਣੀ ਪ੍ਰੇਰਨਾ ਅਨੁਸਾਰ ਕਰਾਉਂਦਾ ਹੈ ਕਿਸੇ ਦਾ ਕੁਛ ਅਖਤਿਆਰ ਨਹੀਂ। ਕਰਤਾ ਆਪ ਕਰਦਾ ਹੈ ਆਪਿ ਹੀ ਭੁਗਾਉਂਦਾ ਹੈ। ਬੰਦੇ ਦੇ ਆਪਣੇ ਵਸਿ ਭੀ ਕੁਛ ਨਹੀਂ। ਫਲ ਭੁਗਤਾਉਣੇ ਕਰਮ ਪ੍ਰੇਰਕ ਦੀ ਪਰਮ ਪ੍ਰੇਰਨਾ ਅਨੁਸਾਰ ਹੋਣ ਵਾਲੇ, ਕਮਾਉਣਹਾਰਾ ਆਪ ਹੀ ਕਰਤਾ ਸਮਝੋ। ਜਦ ਕਰਨ ਹਾਰੇ ਦੇ ਅਖਤਿਆਰ ਹੀ ਕੁਛ ਨਾ ਰਿਹਾ। ਗਲ ਕਟਣੇ ਕਸਾਈ ਨੂੰ ਗਲ ਕਟਣ ਦਾ ਕਸਬ ਉਸ ਦੇ ਪੂਰਬਲੇ ਕਰਤਬਾਂ ਕਰਮਾਂ ਨਾਲਿ ਮਿਲਦਾ ਹੈ। ਉਹ ਕੀਤੇ ਬਾਝ ਰਹਿ ਨਹੀਂ ਸਕਦਾ। ਸਜ਼ਾ ਭੁਗਤਣੇ ਕਰਮ ਪ੍ਰੇਰਕ ਦੀ ਉਕਸਾਹਟ ਨਾਲਿ ਹੀ ਹੁੰਦੇ ਹਨ। ਇਸ ਵਿਚ ਕਰਨਹਾਰੇ ਦਾ ਕੁਛ ਚਾਰਾ ਨਹੀਂ ਚਲਦਾ। ਹੁਕਮਾਂ ਦਾ ਮਾਲਕ ਹੁਕਮੀ ਪਾਤਸ਼ਾਹ ਬੇਪ੍ਰਵਾਹ ਖੁਦਾਵੰਦ ਆਪਣੇ ਹੁਕਮ ਅੰਦਰਿ ਹੀ ਕੀਤੇ ਜੀਵਾਂ ਨੂੰ ਚਲਾਉਂਦਾ ਹੈ। ਹੁਕਮ ਅੰਦਰਿ ਹੀ ਸਭ ਭੁਗਤਣੇ ਭੁਗਤਾਉਂਦਾ ਹੈ। ਭੁਗਤਣੇ ਭੁਗਤਾ ਭੁਗਤਾ ਕੇ ਹੁਕਮ ਚਲਾ ਚਲਾ ਕੇ ਕਰਮ ਕਰਾ ਕਰਾ ਕੇ ਵਿਗਸਦਾ ਹੈ। ਕਿਉਂਕਿ ਕੋਈ ਅਨਿਆਈਂ ਗਲ ਨਹੀਂ ਹੁੰਦੀ। ਸਭ ਕੋਈ ਆਪਣਾ ਕੀਤਾ ਪਾਉਂਦਾ ਹੈ। ਅਤੇ ਲਿਖਿਆ ਪਾਉਂਦਾ ਹੈ। ਕਰਮ ਕਰਨ ਵਾਲੀ ਭਰਨੀ ਜੋ ਭੀ ਭਰਦਾ ਹੈ ਸੋ ਲਿਖੇ ਅਨੁਸਾਰ ਹੀ ਭਰਦਾ ਹੈ। ਕਰਮ ਨਿਆਉਂ ਨਿਬੇੜ ਲਖਸ਼ ਮੁਜਬ "ਆਪੇ ਕਰੇ ਕਰਾਏ ਕਰਤਾ" ਵਾਲਾ ਕਰਮ ਭੁਗਤਾਊ ਨਿਯਮ ਇੰਨ ਬਿੰਨ ਠੀਕ ਘਟਣ ਘਟਾਵੀ ਅਰਥਾਂ ਵਿਚ ਠੀਕ ਘਟਦਾ ਹੈ। ਜੇ ਕਹੇ ਕਿ ਇਸ ਦਾ ਭਾਵ ਇਹ ਹੋਇਆ ਕਿ ਕਰਮ ਕਰਨ ਵਿਚ ਜੀਵ ਦੀ ਕੋਈ ਜ਼ੁਮੇਵਾਰੀ ਨਹੀਂ। ਜੀਵ ਦੋਸ਼ ਰਹਿਤ ਹੈ। ਇਹ ਬਿਲਕੁਲ ਗਲਤ ਹੈ। ਜੀਵ ਦਾ ਕੋਈ ਦੋਸ਼ ਨਾ ਹੁੰਦਾ ਤਾਂ ਕਰਤਾ ਪੁਰਖ ਫਲ-ਭੁਗਤਾਊ ਕਰੂਰ ਕਰਮ ਕਿਉਂ ਕਰਾਉਂਦਾ ? ਪਿਛਲੇ ਜਨਮ ਦਾ ਦੋਸ਼ੀ ਹੋਣਾ ਸਿੱਧ ਕਰਦਾ ਹੈ ਕਿ ਉਸ ਤੇ ਇਸ ਜਨਮ ਵਿਚਿ ਸਜ਼ਾ ਭੁਗਤਾਊ ਕਰਮ ਕਰਾਏ ਗਏ। ਸਜ਼ਾ ਭੁਗਤਾਊ ਕਰਮ ਜੀਵ ਦੇ ਹਥੋਂ ਕਰੇ ਕਰਾਏ ਜਾਣੇ ਇਸ ਗਲ ਦਾ ਸਬੂਤ ਦਿੰਦੇ ਹਨ ਕਿ ਉਹ ਦੋਸ਼ੀ ਜ਼ਰੂਰ ਹੈ। ਚਾਹੇ ਪਿਛਲੇ ਜਨਮ ਦਾ ਦੋਸ਼ੀ ਹੀ ਹੋਵੇ। ਦੋਸ਼ੀ ਜ਼ਰੂਰ ਹੈ। ਸ਼ੁਕਰ ਹੈ ਕਰਤਾਰ ਦਾ ਕਿ ਉਸਦਾ ਭਾਰ ਹੌਲਾ ਹੋਣ ਦਾ ਧੁਰਵਾ ਬਝ ਗਿਆ, ਨਹੀਂ ਤਾਂ ਪਤਾ ਨਹੀਂ ਕਿਤਨੇ ਜਨਮ ਹੋਰ ਭੁਗਤਣੇ ਪੈਣੇ ਸਨ। ਭਾਰ ਹੌਲਾ ਕਰ ਕੇ ਹੀ ਕਰਤਾ ਪੁਰਖ ਵਿਗਸਦਾ ਹੈ ਵੇਖ ਵੇਖ ਕੇ। ਇੰਨ ਬਿੰਨਵਾਂ ਘਟਵਾਂ ਗੁਰਵਾਕ ਉਪਰਲੇ ਭਾਵ ਦਾ ਇਹ ਅਗਲੇਰਾ ਹੈ:-

ਇਕਿ ਜੰਤ ਭਰਮਿ ਭੂਲੇ ਤਿਨਿ ਸਹਿ ਆਪਿ ਭੁਲਾਏ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥ ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ॥ ਤਿਨ ਕੀ ਗਤਿ ਅਵਗਤਿ ਤੂੰ ਹੈ ਜਾਣਹਿ ਜਿਨਿ ਇਹ ਰਚਨ ਰਚਾਈ॥ ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥ ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ॥੬॥੧੦॥੨॥੭॥੫॥੨॥

(ਆਸਾ ਮਹਲਾ ੩)(ਪੰਨਾ ੪੪੧-੪੨)

ਇਸ ਜਨਮ ਵਿਖੇ ਅਰਥਾਤ ਮਨੁਖਾ ਜਨਮ ਪਾ ਕੇ ਭੀ ਜੇਹੜੇ ਜੰਤ ਭਰਮਿ ਭੂਲੇ ਫਿਰਦੇ ਹਨ ਉਹ ਆਪੇ ਨਹੀਂ ਭੁਲੇ ਫਿਰਦੇ। ਕਰਤੇ ਪੁਰਖ ਦੀ ਕਰਮ ਰੇਖੀ ਮੇਖਾ ਮੁਜਬ ਹੀ ਭਰਮੇ ਹੋਏ ਭੁਲੇ ਫਿਰਦੇ ਹਨ। ਪੂਰਬਲੇ ਕਰਮਾਂ ਦੀ ਭੁਗਤਣੀ ਸਜਾ ਦੀ ਜਜ਼ਾ ਵਿਚਿ ਹੀ ਉਹ ਭਰਮ ਭੁਲ ਕੇ ਕਰਮ ਕਮਾਉਂਦੇ ਫਿਰਦੇ ਹਨ। ਇਉਂ ਕਰਤੇ ਪੁਰਖ ਦੇ ਆਪਿ ਭੁਲਾਏ ਭਰਮਾਏ ਭਰਮਦੇ ਭੁਲਦੇ ਫਿਰਦੇ ਹਨ "ਤਿਨਿ ਸਹਿ ਆਪਿ ਭੁਲਾਏ" ਵਾਲੀ ਪੰਗਤੀ ਨੇ ਇਹ ਗਲ ਸਾਫ ਕਰ ਦਿਤੀ ਹੈ ਕਿ ਓਹਨਾਂ ਨੂੰ ਜੋ ਭੁਲ ਵਗੀ ਹੋਈ ਹੈ, ਖਸਮ ਦੀ ਵਗਾਈ ਹੋਈ ਹੀ ਵਗੀ ਹੈ। ਨਿਆਂਕਾਰੀ ਸਚੇ ਸਾਹਿਬ ਨੇ ਭੁਲੜ ਜੰਤ ਦੀ ਸਜ਼ਾ ਵਿਚਿ ਹੀ ਇਹ ਭੁਲ ਵਗਾਈ ਹੈ ਤਾਂਕਿ ਭੁਲਣ ਦਾ ਮਜ਼ਾ ਚਖ ਲੈਣ, ਸਜ਼ਾ ਭੁਗਤ ਕੇ ਮੁੜ ਨਾ ਭੁਲਣ। ਸਜ਼ਾ ਜਜ਼ਾ ਵਲੋਂ ਓਹ ਮੁੜਿ ਦੂਜੇ ਭਾਇ

ਵਿਚਿ ਪੈ ਕੇ ਹੋ ਵਧੇਰੇ ਹਉਮੈ ਕਰਮ ਕਮਾਉਂਦੇ ਹਨ। "ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ" ਵਾਲੀ ਪੰਗਤੀ ਸਾਫ ਦਸਦੀ ਹੈ ਕਿ ਆਪਿ ਹੀ ਸਚੇ ਸਾਹਿਬ ਨੇ ਹੀ ਐਸੇ ਜੰਤ ਨੂੰ ਆਪਿ ਭੁਲਾਇਆ ਹੈ ਅਤੇ ਕੁਮਾਰਗਿ ਲਾਇਆ ਹੈ ਪਿਛਲੇ ਜਨਮ ਦੀਆਂ ਸਜਾਵਾਂ ਭੁਗਤਾਉਣ ਲਈ। ਸੋ ਓਹ ਕਰਮ ਕਰਿ ਕਰਿ ਭੁਗਤੀ ਜਾਂਦੇ ਹਨ। ਕੁਮਾਰਗ ਪੈ ਪੈ ਕੇ ਪਾਏ ਹੋਏ ਹੀ ਪੈ ਪੈ ਕੇ ਸਜ਼ਾ ਦੀ ਭੁਗਤਣੀ ਭੁਗਤਦੇ ਹਨ। ਸਜ਼ਾ ਤੇ ਜਜ਼ਾ ਵਾਲੇ ਕਰਮ ਭੁਗਤਦਿਆਂ ਭਾਵ ਸਜ਼ਾ ਵੱਟੇ ਦੇ ਕਰਮ ਕਰਦਿਆਂ ਤਿਨਾਂ ਜੰਤਾਂ ਦਾ ਕਿਛੁ ਭੀ ਕਾਈ ਭੀ ਵਸਿ ਨਹੀਂ ਚਲਦਾ "ਤਿਨ ਕਾ ਕੁਛ ਨਾ ਵਸਾਈ" ਤਿਨਾਂ ਦੇ ਵਸ ਗੋਚਰੇ ਗਲ ਹੀ ਕਾਈ ਨਹੀਂ। ਤਿਨਾਂ ਜੰਤਾਂ ਦੇ ਕਰਮਾਂ ਦੀ ਗਤੀ ਅਵਗਤੀ ਹੇ ਕਰਤਾਰ ਕਰਤੇ ਪੁਰਖ । ਤੂੰ ਹੀ ਜਾਣਦਾ ਹੈਂ ਜਿਨਿ ਇਹ ਰਚਨਾ ਕਰਮਾਂ ਸੰਦੜੀ ਰਚਾਈ ਹੈ। ਇਸ ਕਰਮ-ਗਤੀ ਅਵਗਤੀ ਪ੍ਰਥਾਇ ਜੋ ਤੇਰਾ ਅਗੰਮੀ ਹੁਕਮ ਹੈ, ਓਹ ਖਰਾ ਬਹੁਤਾ ਹੀ ਹੈ। ਇਸ ਹੁਕਮ ਦੇ ਬੁਝਣ ਦੀ ਬੂਝਿ ਸੂਝਿ ਤੂੰ ਕਿਸੇ ਗੁਰਮੁਖ ਜਨ ਨੂੰ ਹੀ ਬੁਝਾਉਂਦਾ ਸੁਝਾਉਂਦਾ ਹੈਂ। ਹੋਰ ਕਿਸੇ ਨੂੰ ਇਸ ਕਰਮ ਅਟਚਟੀ ਖੇਡ ਦਾ ਪਤਾ ਹੀ ਨਹੀਂ ਲਗਦਾ। ਇਉਂ ਗੁਰੂ ਨਾਨਕ ਸਾਹਿਬ ਸਚੇ ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਜੰਤ ਵਿਚਾਰੇ ਕੀਹਦੇ ਪਾਣੀਹਾਰ ਹਨ। ਉਹ ਕੀ ਕਰ ਸਕਦੇ ਹਨ। ਹੇ ਵਾਹਿਗੁਰੂ, ਤੂੰ ਹੀ ਇਨਾਂ ਨੂੰ ਭੁਲਾਇਆ ਹੋਇਆ ਹੈ, ਇਨ੍ਹਾਂ ਦੇ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਾਉਣ ਵਾਸਤੇ। ਇਹ ਤੇਰੀ ਰਹਿਮ ਰਜ਼ਾ, ਮਿਹਰਾਮਤ ਦੇ ਹੀ ਤਲਬਗਾਰ ਹਨ। ਤੂੰ ਕਿਰਪਾ ਕਰ ਕੇ ਇਹਨਾਂ ਨੂੰ ਬਚਾਉ ਤੇ ਰਹਿਮ ਦ੍ਰਿਸ਼ਟੀ ਕਰ।

ਧੰਨ ਸਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਜਿਨਾਂ ਨੇ ਰਹੀਮ ਕਰੀਮ ਕਰਤੇ ਪੁਰਖ ਵਲੋਂ ਜੀਵਾਂ ਉਤੇ ਮੇਹਰੰਮਤ ਕਰਨ ਦੀ ਤਲਬ ਤਲਬੀ ਹੈ। ਜੇ ਸਤਿਗੁਰੂ ਨਾਨਕ ਸਾਹਿਬ ਨਾ ਮੇਹਰਬਾਨ ਹੁੰਦੇ ਤਾਂ ਇਹਨਾਂ ਕਲਜੁਗੀ ਜੀਵਾਂ ਨੇ ਕਿਥੇ ਬਖਸ਼ੇ ਜਾਣਾ ਸੀ। ਜੀਵਾਂ ਦੀਆਂ ਭੁਲਾਂ ਬਖਸ਼ਵਾਉਣ ਦੇ ਆਪ ਤਾਲਬ ਬਣੇ। ਕੈਸੀ ਉਚੀ ਸੁਚੀ ਇਹ ਬਸੀਠੀ ਹੈ। ਭੁਲੜ ਜੀਵਾਂ ਦਾ ਭੁਲਣ ਗਤੀ ਨੂੰ ਵੀਚਾਰ ਕੇ ਕੈਸਾ ਉਧਾਰ ਕਰਨਾ ਮਿਥਿਆ ਹੈ ਕਲਜੁਗੀ ਜੀਵਾਂ ਦਾ। ਅਤੇ ਕਰਮ ਦੀ ਗਤੀ ਅਵਗਤੀ ਦੀ ਕੈਸੀ ਗੰਢ ਖੋਲ੍ਹੀ ਹੈ, ਕੈਸੀ ਨਬਜ਼ ਪਛਾਣੀ ਹੈ। ਆਪਣੇ ਅਵਗਤ ਕਰਮਾਂ ਦੀ ਗਤੀ ਨੂੰ ਨਾ ਜਾਣਦੇ ਹੋਏ ਭੁਲੜ ਜੀਵ ਆਪਣੀਆਂ ਭੁਲਾਂ ਦੇ ਦੋਸ਼ ਭੁਲਾਉਣ ਹਾਰੇ ਤੇ ਹੀ ਅਰੋਪਦੇ ਹਨ। ਆਪਣੀਆਂ ਭੁਲਾਂ ਨੂੰ ਨਹੀਂ ਮੰਨਦੇ। ਇਹ ਓਹਨਾਂ ਦੀ ਹੋਰ ਭੀ ਭਾਰੀ ਭੁਲ ਹੈ। ਹੋਰ ਭੀ ਭਾਰਾ ਦੋਸ਼ ਹੈ। ਬੜਾ ਬੱਜਰ ਗੁਨਾਹ ਹੈ। ਅਜੇਹੇ ਕਲਜੁਗੀ ਬੱਜਰ ਗੁਨਾਹਗਾਰਾਂ ਨੂੰ ਕੀਤੇ ਗੁਨਾਹਾਂ ਦੇ ਦੋਸ਼ ਤੋਂ ਬਚਾਉਣਾ ਬਖਸ਼ਵਾਉਣਾ ਧੰਨ ਗੁਰੂ ਨਾਨਕ ਸਾਹਿਬ ਦਾ ਹੀ ਉਚ ਮਰਾਤਬੀ ਸੁਚ ਮਨਸਬੀ ਮੇਹਰੰਮਤੀ ਕੰਮ ਹੈ ਜੋ ਕਿਸੇ ਵਲੀ ਔਲੀਏ ਅੰਬੀਏ ਪੀਰ ਪੈਗੰਬਰ ਅਵਤਾਰ ਦੇ ਵਿਰਸੇ ਵਿਚਿ ਨਹੀਂ ਆਇਆ। ਕਰਮ ਗਤੀ ਕਰਮਾਂ ਦੁਆਰਾ ਭੁਗਤਾਉਣ ਪ੍ਰਥਾਇ ਅਗਲੇਰਾ ਗੁਰਵਾਕ ਭੀ ਤਤ ਸਹੀ ਹੈ। ਯਥਾ ਗੁਰਵਾਕ:-

"ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥
(ਆਸਾ ਕਬੀਰ ਜੀਉ, ਪੰਨਾ ੪੭੬)

ਕਰਮਾਂ ਦੇ ਗੇੜ ਨਾਲਿ ਹੀ ਜਨਮਾਂ ਦਾ ਫੇਰ ਫਿਰ ਘਿਰਾਉਣਾ ਪੈਂਦਾ ਹੁੰਦਾ ਹੈ। ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਅਗਲੇਰੇ ਜਨਮ ਵਿਚਿ ਪੂਰਬਲੇ ਕਰਮਾਂ ਦੀ ਕਰਨੀ ਭਰਨੀ ਵਾਲੇ ਕਰਮ ਭੁਗਤਣੇ ਲਾਜ਼ਮੀ ਹਨ। ਭੁਗਤਾਉਣ ਹਾਰਾ ਭੁਗਤਾਉਂਦਾ ਹੈ। ਜਿਸ ਕਰਮ ਵਿਖੇ ਓਹ ਕਿਸੇ ਨੂੰ ਲਾਉਂਦਾ ਹੈ। ਤਿਸੇ ਵਿਚਿ ਹੀ ਕਰਮ-ਭੁਗਤੂ ਪ੍ਰਾਨੀ ਲਗਦਾ ਹੈ। ਜਿਧਰ ਭੁਗਤਾਉਣ ਹਾਰਾ ਲਾਉਂਦਾ ਹੈ ਤੈਸੇ ਹੀ ਕਰਮ ਹਰ ਪ੍ਰਾਨੀ ਕਮਾਉਂਦਾ ਹੈ। ਜੈਸਾ ਕਰਮ ਉਹਨਾਂ ਨੂੰ ਪ੍ਰਮਾਤਮਾ ਫੁਰਮਾਉਂਦਾ ਹੈ। ਇਹਨਾਂ ਕਰਮ ਗਤੀ ਦੀ ਕੈਦ ਤੋਂ ਅਤੇ ਚੁਰਾਸੀ ਵਾਲੇ ਜਨਮ ਮਰਨ ਦੇ ਗੇੜ ਤੋਂ, ਸੋਈ ਜਨ ਬਚਦਾ ਹੈ ਜਿਸ ਉਪਰਿ ਤੁਠ ਕੇ ਆਪ ਤੁਠਾ ਸਤਿਗੁਰੂ ਆਪਿ ਆਪਣਾ ਦਰਸ ਉਸ ਨੂੰ ਭੇਟਾਉਂਦਾ ਹੈ। ਸਤਿਗੁਰੂ ਦਾ ਦਰਸ਼ਨ ਭੇਟ ਕੇ ਵਾਹਿਗੁਰੂ ਦੇ ਦਰਸ਼ਨ ਵਿਚਿ ਸਮਾ ਜਾਂਦਾ ਹੈ, ਫੇਰ ਜਨਮਾਂ ਦੇ ਗੇੜ ਵਿਚਿ ਨਹੀਂ ਆਉਂਦਾ। "ਪੁਨਰਪਿ ਜਨਮਿ ਨ ਆਵੈ" ਤਿਸ ਭਾਵ ਪ੍ਰਥਾਇ ਅਗਲੇਰੇ ਗੁਰਵਾਕ ਮਈ ਦੁਤੁਕੀ ਭਲੀ ਘਟਦੀ ਹੈ:-

"ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ॥
ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ॥"
(ਗੂਜਰੀ ਵਾਰ ਮ: ੫)(ਪੰਨਾ ੫੨੩)

ਭਾਵ :- ਜਿਸ ਉਪਰ ਵਾਹਿਗੁਰੂ ਦਇਆਲੂ ਹੋ ਜਾਂਦਾ ਹੈ ਤਿਸਦਾ ਉਹ ਮਿਤਰ ਬਣ ਜਾਂਦਾ ਹੈ। ਅਤੇ ਮਿਤਰ ਬਣਾ ਕੇ ਤਿਸ ਨੂੰ ਆਪਣਾ ਹੁਕਮ ਬੁਝਾ ਦਿੰਦਾ ਹੈ। ਹੁਕਮ ਬੁਝ ਕੇ ਉਸ ਤੋਂ ਉਹ ਹੁਕਮ ਰਜਾਈ ਕਰਮ ਕਰਾਂਉਦਾ ਹੈ। ਹੁਕਮ ਰਜਾਈ ਕਰਮ ਕਰਾ ਕੇ ਉਸ ਨੂੰ ਆਪਣੇ ਵਿਖੇ ਸਮਾਇ ਲੈਂਦਾਂ ਹੈ। ਐਉਂ ਉਸ ਦਾ ਜਨਮ ਮਰਨ ਮਿਟ ਜਾਦਾ ਹੈ ਅਤੇ ਐਉਂ ਸਚਾ ਨਿਰਬਾਣ ਪਦੁ ਉਸ ਨੂੰ ਮਿਲ ਜਾਂਦਾ ਹੈ। ਆਪੋਂ ਕੀਤੇ ਕਰਮਾਂ ਬਦਲੇ ਕਿਸੇ ਨੂੰ ਨਿਰਬਾਣ ਪਦ ਨਹੀਂ ਮਿਲਦਾ । ਸਗੋਂ ਕਰਮ ਫਾਸ ਹੀ ਉਸ ਦੇ ਗਲੇ ਪਈ ਰਹਿੰਦੀ ਹੈ ਤੈਸੇ ਕਰਮ ਅਹੰਕਾਰੀ ਨੂੰ ਉਹ ਆਪਣੇ



www.AKJ.Org

ਨਿਜ ਸਰੂਪ ਦੇ ਗਿਆਨ ਤੋਂ ਆਪ ਹੀ ਭੁਲਾਇ ਦਿੰਦਾ ਹੈ। ਉਸ ਦਾ ਭੁਲਾਇਆ ਹੋਇਆ ਓਹ ਸਚ ਭਰਮ ਭੁਲਾ ਹੀ ਭਟਕਦਾ ਅਤੇ ਭ੍ਰਮਿ ਭ੍ਰਮਿ ਚੋਟਾਂ ਖਾਂਦਾ ਰਹਿੰਦਾ ਹੈ। ਨਿਤ ਆਉਂਦੇ ਗੇੜਿ ਉਹ ਜੰਮਿ ਜੰਮਿ ਮਰਦਾ ਹੈ ਅਤੇ ਮਰਿ ਮਰਿ ਜੰਮਦਾ ਹੈ। ਗੇੜ ਚੁਰਾਸੀ ਦਾ ਕਦੇ ਮੁਕਦਾ ਹੀ ਨ੍ਹੀਂ। ਕੈਸੀ ਬੁਰੀ ਗਤੀ ਹੈ, ਉਸ ਅਭਾਗੇ ਜੀਵ ਦੀ । ਦਰ ਅਸਲ ਉਸ ਦੇ ਆਪਣੇ ਕਰਮਾ ਦਾ ਹੀ ਕਰਤੂੱਤ ਹੈ। ਤਿਸੇ ਕਰਮ ਗਤਿ ਬਾਰੇ ਅਗਲਾ ਗੁਰਵਾਕ ਭੀ ਵਿਆਖਤ ਹੈ। ਯਥਾ ਗੁ:-

"ਸਭ ਤੈ ਉਪਾਈ ਭਰਮ ਭੁਲਾਈ॥
ਜਿਸ ਤੂੰ ਦੇਵਹਿ ਤਿਸਹਿ ਬੁਝਾਈ॥੨॥
ਸਤਿਗੁਰੁ ਮਿਲੈ ਤ ਸਹਸਾ ਜਾਈ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥੩॥੪॥੧॥

(ਪੰਨਾ ੫੨੫) (ਗੂਜਰੀ ਸ੍ਰੀ ਨਾਮ ਦੇਵ ਜੀ)

ਭਾਵ- ਸਾਰੀ ਸ੍ਰਿਸ਼ਟੀ ਕਰਤੇ ਪੁਰਖ ਨੇ ਆਪ ਹੀ ਸਾਜ ਕੇ ਉਪਾਈ ਹੈ ਤੇ ਆਪ ਹੀ ਇਸ ਰਚਨਾ ਦਾ ਖੇਡ ਰਚਾਇ ਕੇ ਆਪਿ ਹੀ ਆਪਣੀ ਉਪਾਈ ਸ੍ਰਿਸ਼ਟੀ ਭਰਮ ਭੁਲਾਈ ਹੈ। ਅਤੇ ਜਿਸ ਨੂੰ ਆਪਿ ਕਰਨ ਹਾਰ ਕਰਤਾਰ ਸੁਮਤਿ ਦਿੰਦਾ ਹੈ ਤਿਸ ਨੂੰ ਆਪਿ ਹੁਕਮ ਬੁਝਾਇ ਕੇ ਸੁਮਾਰਗਿ ਪਾਇ ਲੈਂਦਾ ਹੈ ਅਤੇ ਸਚੇ ਸਤਿਗੁਰੂ ਦਾ ਮੇਲ ਮਿਲਾਇ ਦਿੰਦਾ ਹੈ, ਇਉਂ ਸੱਚੜਾ ਮੇਲ ਮੇਲਾਇ ਕੇ ਉਸ ਨੂੰ ਭਰਮ ਭੁਲਾਇ ਦਾ ਸੰਸਾ ਮਿਟਾ ਦਿੰਦਾ ਹੈ। ਜਿਸ ਦਾ ਭਰਮ ਭੁਲਾਵਾ ਮਿਟ ਜਾਂਦਾ ਹੈ ਤਿਸ ਨੂੰ ਇਕੋ ਅਕਾਲ ਹੀ ਅਕਾਲ ਨਦਰੀ ਆਂਉਦਾ ਹੈ। ਕਰਤਾ ਧਰਤਾ ਇਕੋ ਕਰਤਾ ਪੁਰਖ ਹੀ ਦੀਹਦਾ ਹੈ।ਓਹ ਇਕ ਅਕਾਲ ਨੂੰ ਛੱਡ ਕੇ ਦੂਜੇ ਦੀ ਉਪਾਸ਼ਨਾ ਵਿਚਿ ਨਹੀਂ ਲਗਦਾ। ਤਾਂ ਹੀ ਤੇ ਏਕੰਕਾਰ ਦਾ ਉਪਾਸ਼ਕ ਆਨ ਕਰਮਾਂ ਧਰਮਾਂ ਵਿਚਿ ਖਚਤ ਨਹੀ ਹੁੰਦਾ -ਇਕੋ ਸਚੇ ਸਿਫਤਿ ਸਾਲਾਹੀ ਕਰਮ ਗੁਰਮਤਿ ਨਾਮ ਦੇ ਸ਼ੈਦਾਈ ਹੀ ਬਣੇ ਰਹਿੰਦੇ ਹਨ। ਨਾਮ ਦੇ ਵਪਾਰੀ ਅਤੇ ਨਾਮ ਦੇ ਕਰਮਾ ਕਾਰੀ ਹੀ ਹੋਇ ਰਹਿੰਦੇ ਹਨ। ਦੁਤੀਏ ਭਾਵ ਦੀ ਕਰਮ ਉਪਾਸ਼ਨਾ ਵਿਚਿ ਨਹੀਂ ਪਰਵਿਰਤ ਹੁੰਦੇ। ਉਪਰਲੇ ਭਾਵ ਪ੍ਰਥਾਇ ਹੇਠਲਾ ਗੁਰਵਾਕ ਭੀ ਖੂਬ ਪ੍ਰੋੜਤਾ ਜਨਕ ਹੈ। ਯਥਾ ਗੁਰਵਾਕ :-

ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ॥... ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ॥ ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ॥੬॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣ ਹਾਰਾ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ॥ ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ॥੭॥

(ਸੋਰਠਿ ਮ: ੧ ਘਰ ੧ਅਸਟਪਦੀਆ)(ਪੰਨਾ੬੩੫)

ਵਿਆਖਿਆ:- ਸਾਧਾਰਨ ਸੁਤੇ ਸੁਭਾਵੀ ਕਰਮ ਅਤੇ ਸੁਕ੍ਰਿਤ ਕੀਤੀ ਸ਼ੁਭ ਕਰਮ ਕਰਾਵਣ ਹਾਰਾ ਓਹ ਆਪਿ ਕਰਤਾ ਪੁਰਖ ਹੀ ਹੈ ਜੋ ਕਰਨ ਕਾਰਨ ਸਮਰਥ ਹੈ। ਸਭ ਤੋਂ ਸ੍ਰੇਸ਼ਟ ਕਰਮ ਸਿਫਿਤ ਸਾਲਾਹ ਅਰਥਾਤ ਗੁਰਮਤਿ ਨਾਮ ਜਿਸਨੂੰ ਪੱਕਾ ਕਰ ਕੇ ਦ੍ਰਿੜਾਉਣਾ ਹੁੰਦਾ ਹੈ, ਉਸੇ ਨੂੰ ਦਿੜ੍ਹ ਕਰਾਉਂਦਾ ਹੈ। ਦ੍ਰਿੜਾਵਨਹਾਰ ਗੁਰ ਕਰਤਾਰ ਭਾਇ, ਭਾਉ, ਭਗਤੀ ਪਾਤਰਾਂ ਤੋਂ ਆਪ ਹੀ ਸਚੀ ਭੈ ਭਾਉ ਭਾਵਨਾ ਮਨਾਇ ਕੇ ਤਿਨਾਂ ਦੇ ਮਨਾਂ ਤੋਂ ਮੁਖ ਰਸਨਾਵਾਂ ਤੋਂ ਕੁਸੱਤਤਾ ਮਈ ਜੂਠਿ ਲਹਾ (ਉਤਰਾ) ਦਿੰਦਾ ਹੈ। ਮਨ ਅੰਦਰਿ ਮੁਖ ਰਸਨਾ ਉਪਰਿ ਨਾਮ ਰਸ ਵਸ ਕੇ ਰਸਾ ਕੇ ਤਿਨਾਂ ਨੂੰ ਆਪੇ ਹੀ ਆਪਣੇ ਅਗੰਮ ਗਿਆਨ ਦੀ ਗੰਮਤਾ ਬਖਸ਼ਦਾ ਹੈ। ਨਾ ਸੋਝੀ ਵਿਚਿ ਆਉਣ ਵਾਲੇ ਅਗੋਚਰ ਨਿਜ ਸਰੂਪੀ ਗਿਆਨ ਦੀ ਸੋਝੀ ਸੁਝਾਉਂਦਾ ਹੈ। ਇਸ ਗਿਆਨ ਸੂਝ ਵਾਲੀ ਮਤਿ ਸੁਮਤਿ ਤਿਸ ਨੂੰ ਹੀ ਆਵੰਦੀ ਹੈ ਜਿਸ ਨੂੰ ਵਾਹਿਗੁਰੂ ਆਪਣੀ ਕਿਰਪਾ ਕਰਿ ਸਤਿਗੁਰੂ ਦਾਤੇ (ਨਾਮ ਦਾਤੇ) ਦੇ ਮਿਲਾਪ ਦੀ ਦਾਤਿ ਬਖਸ਼ੇ। ਗੁਰੂ ਹੀਣੇ ਨਿਗੁਰੇ ਪ੍ਰਾਨੀ ਨੂੰ ਇਹ ਮਤਿ ਸੁਮਤਿ ਕਾਈ ਭੀ ਰਾਈ ਮਾਤਰ ਨਹੀਂ ਆਉਂਦੀ। ਆਪੋਂ ਕਿਸੇ ਨੂੰ ਭੀ ਗੁਰਮਤਿ ਸੁਮਤੜੀ ਨਹੀਂ ਆ ਸਕਦੀ। ਗੁਰੂ ਦੁਆਰਾ ਹੀ ਆ ਸਕਦੀ ਹੈ। ਸਤਿਗੁਰੂ ਸਚੜੇ ਦਾ ਸਚਾ ਮਿਲਾਪ ਜਿਸ ਨੂੰ ਵਾਹਿਗੁਰੂ ਕਰਾਵੇ ਤਿਸੈ ਨੂੰ ਹੋ ਸਕਦਾ ਹੈ। "ਜਿਉ ਚਲਾਏ ਤਿਉ ਚਾਲਹ ਭਾਈ" (੬੩੫) ਜਿਵੇਂ ਹੁਕਮ, ਹੁਕਮ ਚਲਾਉਣ ਹਾਰਾ ਵਾਹਿਗੁਰੂ ਆਪਣੀ ਹੁਕਮ ਰਜ਼ਾ ਅਨੁਸਾਰ ਸਾਨੂੰ ਕਲਜੁਗੀ ਜੀਵਾਂ ਨੂੰ ਚਲਾਏ ਤਿਵੇਂ ਹੀ ਅਸੀਂ ਚਲਦੇ ਹਾਂ। ਕਿਸੇ ਦੀ ਆਪਣੀ ਚਤੁਰਾਈ ਕੀਤਿਆਂ ਕੁਛ ਨਹੀਂ ਹੋ ਸਕਦਾ ਚਾਹੇ ਕਿਤਨੀ ਹੀ ਕੋਈ ਚਤੁਰਾਈ ਕਰੇ। ਜਿਨ੍ਹਾਂ ਤੇ ਕਰੋਪੀ ਹੁੰਦੀ ਹੈ ਉਹਨਾ ਨੂੰ ਸੁਮਤਿ ਨਹੀਂ ਆਉਂਦੀ ਉਹ ਆਪਣੀ ਹੀ ਮੂੜ ਮਤਿ ਦੇ ਭਰਮਾਏ ਹੋਏ ਹੀ ਚਲਦੇ ਹਨ ਉਹਨਾਂ ਦੀ ਮੂੜ ਮਤਿ ਦੀ ਸਜਾ ਕਰਤੇ ਪੁਰਖ ਵਲੋਂ ਏਹੋ ਮਿਲਣੀ ਹੈ ਕਿ ਉਹ ਭ੍ਰਮਿ ਭੁਲਾਏ ਭੁਲੇ ਹੀ ਰਹਿੰਦੇ ਹਨ ਅਤੇ ਜਿਨਾਂ ਉਤੇ ਕ੍ਰਿਪਾਲੂ ਕਰਤੇ ਪੁਰਖ ਦੀ ਕਿਰਪਾ ਹੁੰਦੀ ਹੈ ਉਹ ਨਾਮ ਭਗਤੀ ਵਿਚਿ ਰੱਤੇ ਹੀ ਰਹਿੰਦੇ ਹਨ। ਭਗਤੀ ਦੇ ਰੰਗ ਲਾਏ ਹੋਏ ਹੀ ਲਗਦੇ ਹਨ। ਹੇ ਵਾਹਿਗੁਰੂ ਤੇਰਾ ਇਹ ਖੇਲ ਅਪਰ ਅਪਾਰ ਹੈ ਇਸ ਵਿਚ ਕਿਸੇ ਦਾ ਕਿੰਤੂ ਕਰਨ ਵਾਲਾ ਚਾਰਾ ਨਹੀਂ ਚਲਦਾ। ਇਹ ਉਸ ਦਾ ਅਹਿਮਕ ਪੁਣਾ ਹੈ ਜੇ ਕੋਈ ਇਉਂ ਕਹੇ ਕਿ ਉਹ ਕਿਉਂ ਭਰਮ ਭੁਲਾਉਂਦਾ ਹੈ ਪ੍ਰਾਨੀਆਂ ਨੂੰ ਅਤੇ ਕਿਸੇ ਨੂੰ ਭਰਮ


www.AKJ.Org

ਭਲਾਉਂਦਾ ਹੈ ਤੇ ਕਿਸੇ ਨੂੰ ਭਗਤੀ ਲਾਉਂਦਾ ਹੈ। ਏਹ ਵਰਤਾਰਾ ਕਿਵੇਂ ਵਰਤਾਉਂਦਾ ਹੈ। ਇਹ ਨਿਰਾ ਅਹੰਮਤਾਰਾ ਹੈ। ਅਲਪਗ ਮਤੀਆਂ ਵਾਲੇ ਉਸ ਸਰਬਗ ਪੁਰਖ ਦੀ ਸਰਬਗਤਾ ਵਾਲੀ ਗਤੀ ਨੂੰ ਕਿਵੇਂ ਪਹੁੰਚ ਸਕਦੇ ਹਨ। ਹੇ ਵਾਹਿਗੁਰੂ "ਤੇਰਾ ਖੇਲੁ ਅਪਾਰਾ" ਹੈ ਸਰਬਤਹ ਅਲਪਗ ਜੀਵਾਂ ਉਤੇ ਤੂੰ ਆਪ ਆਪਣੇ ਭਾਣੇ ਦਾ ਹੁਕਮ ਚਲਾਵਣ ਹਾਰਾ ਹੈਂ। ਜੇਹੋ ਜੇਹੇ ਕਰਮ ਜੀਵ ਕਮਾਵੰਦੇ ਹਨ ਤੇਹੋ ਜੇਹੇ ਹੀ ਤਿਨਾਂ ਨੂੰ ਫਲ ਮਿਲਦੇ ਹਨ। ਫਲ ਦੇਵਣ ਹਾਰਾ ਵਾਹਿਗੁਰੂ ਆਪਿ ਹੈ। ਕਰਮ ਸੁਕਰਮੀ ਫਲ ਦਾਤਾਰ ਭੀ ਉਹ ਆਪਿ ਹੈ। ਫਲਾਂ ਰੂਪੀ ਕਰਮ ਭੁਗਤਾਉਣੀ ਗਤੀ ਭੀ ਉਹ ਆਪ ਹੀ ਵਰਤਾਉਂਦਾ ਹੈ

ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ
ਤੂ ਹੁਕਮਿ ਚਲਾਵਣਹਾਰਾ (੬੩੫)

ਦਾ ਭਾਵ ਇਉਂ ਉਪਰ ਦੀ ਵਿਆਖਿਆ ਅਨੁਸਾਰ ਮਿਲਾਇਆ ਮਿਲਦਾ ਹੈ ਆਪਣੇ ਹੁਕਮ ਅਨੁਸਾਰ ਚਲਾਵਣਹਾਰਾ ਤੂੰ ਆਪ ਹੈਂ। ਜੇ ਕੋਈ ਆਪਣੀ ਅਹੰਮਤਿ ਕਰਿ ਇਉਂ ਆਖੇ ਕਿ ਮੈਂ ਸੇਵਾ ਕਰਦਾ ਹਾਂ ਉਸਦਾ ਇਉਂ ਆਖਣਾ ਬਿਰਥਾ ਹੈ। ਨਾਦਾਨੀ ਭਰਿਆ ਮਤਸਰੀ ਹੰਕਾਰ ਹੈ। ਜੀਉ ਪਿੰਡ ਜਿਸ ਦੁਆਰਾ ਉਹ ਸੇਵਾ ਕਰਦਾ ਹੈ ਉਹ ਤਾਂ ਸਭ ਕੁਛ ਉਸੇ ਦਾ ਹੈ। ਹੇ ਵਾਹਿਗੁਰੂ ਜੀਉ ਪਿੰਡ ਸਭ ਤੇਰਾ ਹੀ ਹੈ। ਜਿਸ ਦੁਆਰਾ ਸੇਵਾ ਕਰਨ ਹਾਰਾ ਸੇਵਾ ਕਰਦਾ ਕਮਾਵੰਦਾ ਹੈ। ਜੇ ਕੁਝ ਆਪਣਾ ਹੋਵੇ ਪਿੰਡ ਸਰੀਰ ਭੀ ਆਪਣਾ ਹੋਵੇ ਤਾਂ ਭੀ ਇਉਂ ਕਹਿੰਦਾ ਅਲਪਗ ਜੀਵ ਸੋਭ ਸਕਦਾ ਹੈ ਕਿ ਮੈਂ ਸੇਵਾ ਕਰਦਾ ਹਾਂ। ਜਦ ਉਸਦਾ (ਜੀਵਾਂ ਦਾ) ਹੈ ਹੀ ਕੁਝ ਨਹੀਂ ਸਭ ਕੁਝ ਦਿੱਤਾ ਦਾਤਾਰ ਦਾ ਹੈ ਇਹੀ ਕਹਿਣਾ ਫਬਦਾ ਹੈ ਕਿ ਹੇ ਕਰਤਾਰ ਤੇਰੀ ਕਰਾਈ ਹੀ ਸੇਵਾ ਹੋ ਸਕਦੀ ਹੈ। ਆਪੇ ਕੋਈ ਡੀਂਗ ਨਹੀ ਮਾਰ ਸਕਦਾ ਕਿ ਮੈਂ ਸੇਵਾ ਖੁਦ ਕਰਦਾ ਹਾਂ। ਪ੍ਰੰਤੂ ਇਹ ਸੁਮਤਿ (ਉਪਰ ਲਿਖੇ ਅਨੁਸਾਰ ਸਮਝਣ ਦੀ) ਉਸੇ ਨੂੰ ਆ ਸਕਦੀ ਹੈ ਜਿਸ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦਾ ਸਚਾ ਮਿਲਾਪ ਹੋ ਜਾਵੇ। ਤੇ ਗੁਰੂ ਦੀ ਕ੍ਰਿਪਾ ਪ੍ਰਸਾਦਿ ਕਰਿ ਉਸ ਨੂੰ ਅੰਮ੍ਰਿਤ ਨਾਮ ਦੀ ਅੰਮ੍ਰਿਤ ਰਸਾਇਣੀ ਸਿਮਰਨ ਕਮਾਈ ਦੁਆਰਾ ਦਿਬ ਦ੍ਰਿਸ਼ਟੀ ਬ੍ਰਹਮ ਗਿਆਨੀ ਦੀ ਖੁਲਦੀ ਹੈ। ਸਾਰਾ ਜਗਤ ਸੰਸਾਰ ਨਾਮ ਹੀਣ ਹੋਣ ਕਰਿ ਨਿਰਧਨ ਕੰਗਾਲ ਹੈ। ਨਾਮ ਧੰਨ ਬਿਨਾ ਹੋਰ ਧਨ ਕੂੜਾਵਾ ਹੈ। ਏਸ ਕੂੜਾਵੇ ਮਾਇਆ ਰੂਪੀ ਧਨ ਨਾਲ ਕੋਈ ਰਜਿਆ ਨਹੀਂ। ਕਿਸੇ ਦੀ ਭੁਖ ਨਹੀਂ ਲਹਿੰਦੀ। ਕਿਸੇ ਨੂੰ ਤ੍ਰਿਪਤਿ ਨਹੀਂ ਆਂਉਦੀ। ਤ੍ਰਿਪਤੀ ਬਾਝੋਂ ਸੁੱਖ ਕਿੱਥੇ ? ਤ੍ਰਿਸਨਾ ਫਾਸੇ ਲੋਗ ਕੰਗਾਲਿਆਂ ਦੇ ਮਗਰ ਲਗ ਕੇ ਕੰਗਾਲੇ ਹੀ ਰਹਿੰਦੇ ਹਨ। ਨਾਮ ਬਿਨਾਂ ਤ੍ਰਿਪਤਿ ਕਦੇ ਨਹੀਂ ਆਂਉਦੀ। ਕੰਗਾਲਤਾ (ਕੰਗਾਲਪਣ) ਅਤੇ ਨਿਰਧਨਤਾ ਹੀ ਰਹਿੰਦੀ ਹੈ। ਸਾਰਾ ਜਗਤ ਨਾਮ ਤੋਂ ਸੁੰਞਾ ਹੋਣ ਕਰਕੇ ਦੂਜੇ ਭਾਵ ਵਿਚਿ ਭਰਮਿ ਭੁਲਾਇਆ ਫਿਰਦਾ ਹੈ। ਆਪਣੀ ਹਉਮੈ ਦੇ ਕਾਰਨ ਹੀ ਦੁਖੀਆ ਹੋ ਰਿਹਾ ਹੈ। ਹਉਮੈ ਕਰਕੇ ਹੀ ਦੁਖ ਆਉਂਦਾ ਹੈ। ਹਉਮੈ ਅੰਦਰਿ ਕਰਮ ਕਮਾਵਣ ਕਰਿ ਹੀ ਉਸ ਨੂੰ ਕਰਤੇ ਪੁਰਖ ਵੱਲੋਂ ਇਸ ਬੇਮੁਖਤਾ ਦੀ ਸਜਾ ਇਹ ਮਿਲਦੀ ਹੈ ਕਿ ਉਹ ਭਰਮਿ ਭੁਲਾਇਆ ਹੋਇਆ ਦੁਖੜੇ ਸਹਿੰਦਾ ਹੈ। ਆਪਣੇ ਕੀਤੇ ਕਰਮਾਂ ਦੇ ਅਫ਼ੈਮੇ ਕਾਰਨ ਹੋਰ ਹਉਮੈ ਵਧਦੀ ਹੈ। ਹੁਕਮ ਰਜਾਈ ਕਰਮਾਂ ਦੇ ਕਰਨ ਕਰਿ ਹੀ ਘਾਲ ਥਾਇ ਪੈਂਦੀ ਹੈ। ਅਤੇ ਪ੍ਰਾਪਤੀ ਤ੍ਰਿਪਤਾਵਤੀ ਹੁੰਦੀ ਹੈ। ਹਉਮੈ ਅੰਦਰਿ ਆਪਣੇ ਕੀਤੇ ਕਰਮਾਂ ਦੀਆਂ ਤ੍ਰਿਸਨਾਂਵਾਂ ਲੋਚਾਵਾਂ ਕੀਤਿਆਂ ਕੁਛ ਨਹੀਂ ਬਣਦਾ ਨਾ ਕੁਛ ਪਾਈਦਾ (ਪਾ ਸਕੀਦਾ) ਹੈ। ਚਾਹੇ ਕਿਤਨੀਆਂ ਹੀ ਬਹੁਤੀਆਂ ਲੋਚਣੀਆਂ ਲਈ ਲੋਚਦਾ ਫਿਰੈ। ਹਉਮੈ ਅੰਦਰਿ ਕੀਤੇ ਕਰਮਾਂ ਨਾਲ ਤਾਂ ਚੁਰਾਸੀ ਦੇ ਗੇੜ ਵਿਚਿ ਹੀ ਪਾਈਦਾ ਹੈ। ਹਉਮੈ ਅੰਦਰਿ ਕਰਮ ਕਮਾਵਣ ਵਾਲੇ ਦਾ ਆਉਣਾ ਜਾਣਾਂ ਮਰਣਾਂ ਜੰਮਣਾ ਕਦੇ ਮੁਕਦਾ ਹੀ ਨਹੀਂ । ਇਸ ਗੇੜ ਤੋਂ ਛੁਟਕਾਰਾ ਹੁੰਦਾ ਹੈ ਤਾਂ ਕੇਵਲ ਗੁਰੂ ਸ਼ਬਦ ਦੀ ਕਮਾਈ ਕੀਤਿਆਂ ਹੀ ਹੁੰਦਾ ਹੈ। ਇਹ ਫੈਸਲਾ ਕਰਮਾਂ ਦੇ ਨਿਬੇੜੇ ਦਾ ਚੁਰਾਸੀ ਦੇ ਗੇੜੇ ਤੇ ਛੁਟਕਾਰੇ ਦਾ ਕਰਨਹਾਰ ਕਰਤਾਰ ਦੇ ਵਸਿ ਹੈ। ਉਸਤੋਂ ਬਿਨਾਂ ਦੂਜਾ ਕੋਈ ਹੋਰ ਨਿਬੇੜਾ ਕਰਨਹਾਰਾ ਨਹੀ ਹੈ। ਯਥਾ ਗੁਰਵਾਕ -

" ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥ ਦੂਜੇ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥ ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ ਲੋਚਾਹੀ॥ ਆਵੈ ਜਾਇ ਜੰਮੈ ਮਰੈ ਗੁਰਸਬਦਿ ਛੁਟਾਹੀ ॥ ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ॥ (੧੦੯੧-੨)

ਕਰਮਾਂ ਦੇ ਗਤਿ ਅਵਿਗਤੀ ਨਿਚੋੜ ਅਨੁਸਾਰ, ਪ੍ਰਾਲਬਧੀ ਨਿਖੇੜ ਮੁਜਬ ਹਰ ਇਕ ਪ੍ਰਾਨੀ ਸੋਈ ਕਰਮ ਕਮਾਵਦਾ ਹੈ। ਜੋ ਗੁਰੂ ਕਰਤਾਰ ਦਾ ਹੁਕਮ ਏਜਦੀ ਫੁਰਮਾਨ ਕਰਾਉਂਦਾ ਹੈ। ਜੇਹਾ ਉਹ ਆਪਿ ਫੁਰਮਾਉਂਦਾ ਹੈ ਤੇਹੇ ਹੀ ਪ੍ਰਾਨੀ ਕਰਮ ਕਮਾਉਂਦਾ ਹੈ। ਯਥਾ ਗੁਰਵਾਕ :-

ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ॥ ੪॥੧॥੧੧॥
(ਤੁਖਾਰੀ ਛੰਤ ਮ: ੫)(੧੧੧੭)

ਹੁਕਮ ਫੁਰਮਾਨ ਅਨੁਸਾਰ ਜਨਮ, ਹੁਕਮ ਅੰਦਰਿ ਹੀ ਕਰਮ। ਸਭ ਕਰਤੇ ਦਾ ਹੀ ਫੁਰਮਾਨ ਹੈ। ਹੁਕਮੀ ਸਾਹਿਬ ਦੇ ਹੁਕਮ ਫੁਰਮਾਨੀ ਕਰਮ ਪ੍ਰਾਨੀ ਨੂੰ ਅਵਸ਼ ਕਰਨੇ ਪੈਂਦੇ ਹਨ। ਏਹ ਅਵਸ਼ਕਾਰੀ ਕਰਮ ਜਨਮ ਦੇ ਨਾਲਿ ਹੀ ਲਿਖੇ



www.AKJ.Org

ਹੋਏ ਹੁੰਦੇ ਹਨ। ਜੇਹਾ ਜਨਮ ਤੇਹਾ ਕਰਮ। ਕਰਮ ਭੁਗਤਾ ਇਕੋ ਹੀ ਜਨਮ ਭੁਗਤਾਇਆ ਜਾਂਦਾ ਹੈ। ਭੁਗਤਾਉਣ ਹਾਰਾ ਕਰਮ ਬਿਧਾਤਾ ਆਪਿ ਹੈ, ਹੋਰ ਕੋਈ ਨਹੀਂ।

ਜਦੋਂ ਤਾਈਂ ਪ੍ਰਾਨੀ ਹਉਮੈ, ਮੋਹ ਅਤੇ ਭਰਮ ਦਾ ਪ੍ਰੀ ਤਿਆਗ ਕਰ ਕੇ ਸਿਫਤਿ ਸਾਲਾਹ ਦੀ ਪਟੜੀ ਤੇ ਨਹੀਂ ਪੈਂਦਾ ਤਦ ਤਾਈਂ ਪ੍ਰੇਮ ਦਾ ਸੱਚਾ ਮਾਰਗ ਉਸ ਨੂੰ ਨਹੀਂ ਮਿਲਦਾ। ਮਿਲਾਇਆ ਹੀ ਮਿਲਦਾ ਹੈ। ਭਰਮ ਗੜ੍ਹ ਤੋੜਿਆ ਹੈ ਜਿਨ੍ਹਾਂ ਦਾ, ਤਿਨ੍ਹਾਂ ਨੂੰ ਹੀ ਪ੍ਰੇਮ ਸੁਮਾਰਗੀ ਪੈਂਡਾ ਪ੍ਰਾਪਤਿ ਹੁੰਦਾ ਹੈ। ਤਿਸ ਭਾਵ ਪ੍ਰਥਾਇ ਕਿਆ ਹੀ ਸੁੰਦਰ ਗੁਰਵਾਕ ਉਚਾਰਨ ਹੋਇਆ ਹੈ। ਯਥਾ ਗੁਰਵਾਕ:-

"ਅਹਿਨਿਸਿ ਜਾਗੈ ਨੀਦ ਨ ਸੋਵੈ॥ ਸੋ ਜਾਣੈ ਜਿਸੁ ਵੇਦਨ ਹੋਵੈ॥ ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ॥੧॥ ਜਿਸ ਨੋ ਸਾਚਾ ਸਿਫਤੀ ਲਾਏ॥ ਗੁਰਮੁਖਿ ਵਿਰਲੇ ਕਿਸੈ ਬੁਝਾਏ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ॥੧॥ ਰਹਾਉ॥ ਪਿਰ ਸੇਤੀ ਧਨ ਪ੍ਰੇਮੁ ਰਚਾਏ॥ ਗੁਰ ਕੈ ਸਬਦਿ ਤਥਾ ਚਿਤੁ ਲਾਏ॥ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ॥੨॥ ਸਹਸਾ ਤੋੜੇ ਭਰਮੁ ਚੁਕਾਏ॥ ਸਹਜੇ ਸਿਫਤੀ ਧਣਖੁ ਚੜਾਏ॥ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾ ਧਾਰੀ ਜੀਉ॥੩॥ਹਉਮੈ ਜਲਿਆ ਮਨਹੁ ਵਿਸਾਰੇ॥ ਜਮਪੁਰਿ ਵਜਹਿ ਖੜਗ ਕਰਾਰੇ॥ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ॥੪॥ਮਾਇਆ ਮਮਤਾ ਪਵਹਿ ਖਿਆਲੀ॥ ਜਮਪੁਰਿ ਫਾਸਹਿਗਾ ਜਮ ਜਾਲੀ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ॥੫॥ਨਾ ਹਉ ਕਰਤਾ ਨਾ ਮੈ ਕੀਆ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ॥੬॥੧॥੧੧॥

(ਪੰਨਾ ੬੯੩)(ਮਾਰੂ ਮਹਲਾ ੧ ਘਰ ੫)

ਤਤ ਭਾਵ ਵਿਆਖਿਆ:- ਅਸਥਾਈ (ਰਹਾਉ) ਵਾਲੀਆਂ ਪੰਗਤੀਆਂ ਇਹ ਤਤ ਕਰਮ ਸਾਰੀ ਸਾਰੇ ਭੇਦ ਭੇਵਾਉਂਦੀਆਂ ਹਨ ਕਿ ਸਚਾ ਸਿਫਤੀਸੁਰ ਵਾਹਿਗੁਰੂ ਆਪਿ ਜਿਸ ਨੂੰ ਸਿਫਤਿ ਸਲਾਹ ਬਖਸ਼ਦਾ ਹੈ ਸੋਈ ਗੁਰਮੁਖ ਜਨ ਸਿਫਤਿ ਸਾਲਾਹੀ ਅਭਿਆਸ ਕਮਾਈਆਂ ਵਿਚਿ ਤਤਪਰ ਹੋ ਕੇ ਲਗਦਾ ਹੈ। ਵਿਰਲੇ ਕਿਸੇ ਗੁਰਮੁਖ ਨੂੰ ਹੀ ਇਹ ਰਾਜ਼ ਸਚੀ ਸਿਫਤਿ ਸਾਲਾਹ (ਗੁਰਮਤਿ ਨਾਮ ਗੁਰਮੰਤਰ) ਦਾ ਦਸਦਾ ਬੁਝਾਉਂਦਾ ਹੈ। ਆਪੇ ਹੀ ਨਾਮ ਅੰਮ੍ਰਿਤ ਦੇ ਵਪਾਰੀ ਅੰਮ੍ਰਿਤ ਛਕਣ ਦੇ ਅਧਿਕਾਰੀ ਲਭ ਲੈਂਦਾ ਹੈ। ਤਿਨਾਂ ਨੂੰ ਆਪ ਹੀ ਅੰਮ੍ਰਿਤ ਦੀ ਸਾਰ ਜਣਾਇ ਦਿੰਦਾ ਹੈ। ਅੰਮ੍ਰਿਤ ਦੀ ਸਹੀ ਸਾਰ ਜਾਨਣ ਹਾਰੇ ਹੀ ਅੰਮ੍ਰਿਤ ਪਦਾਰਥ ਦੇ ਵਾਪਾਰੀ ਬਣਦੇ ਹਨ। ਬਣਾਏ ਹੀ ਬਣਦੇ ਹਨ। ਆਪੇ ਹੀ ਬਣਾਉਂਦਾ ਹੈ। ਐਸੇ ਵਾਹਿਗੁਰੂ ਦੇ ਆਪਿ ਬਣਾਏ ਹੋਏ ਅੰਮ੍ਰਿਤ ਦੇ ਵਾਪਾਰੀ ਅੰਮ੍ਰਿਤ ਨਾਮ ਦੀ ਕਮਾਈ ਕਰਦੇ ਹੋਏ ਦਿਨੇ ਰਾਤ ਨਾਮ ਅਭਿਆਸ ਕਮਾਈ ਕਰਨ ਵਿਚਿ ਜੁਟੇ ਹੀ ਰਹਿੰਦੇ ਹਨ। ਗਫਲਤ ਦੀ ਨੀਂਦੇ ਨਹੀਂ ਸਉਂਦੇ। ਅਰਥਾਤ ਅਭਿਆਸ ਕਮਾਈ ਤੋਂ ਗਾਫੂਲ ਹੋ ਕੇ ਇਕ ਛਿਨ ਭੀ ਕਮਾਈ ਕਰਨੋਂ ਨਹੀਂ ਅਵੇਸਲੇ ਹੋ ਕੇ ਬਹਿੰਦੇ ਬਹਿੰਦੇ। ਸਾਵਧਾਨ (ਸੁਜਾਨ) ਹੋ ਕੇ ਅਭਿਆਸ ਕਮਾਈਆਂ ਵਿਚਿ ਹੀ ਰਾਤ ਦਿਨੇ ਜਾਗਦੇ ਰਹਿੰਦੇ ਹਨ। ਇਕ ਪਲਕ ਭਰ ਭੀ ਨਹੀਂ ਸਉਂਦੇ। ਜਿਨ੍ਹਾਂ ਦੇ ਅੰਦਰਿ ਪ੍ਰੇਮ ਦੀਆਂ ਕਾਨੀਆਂ ਲਗੀਆਂ ਹੋਈਆਂ ਹੁੰਦੀਆਂ ਹਨ ਉਹਨਾਂ ਨੂੰ ਕਾਹਨੂੰ ਨੀਂਦ ਆਉਂਦੀ ਹੈ। ਇਸ ਵੇਦਨੀ ਬਵਸਥਾ ਨੂੰ ਸੋਈ ਜਾਣਦੇ ਹਨ ਜਿਨਾਂ ਨਾਲਿ ਵਾਪਰੀ ਵਰਤੀ ਹੋਈ ਹੁੰਦੀ ਹੈ। ਉਹ ਜੇ ਇਕ ਛਿਨ ਭੀ ਨਾਮ ਅਭਿਆਸ ਤੋਂ ਵਿਰਵੇ ਹੋ ਜਾਂਦੇ ਹਨ ਤਾਂ ਓਹਨਾ ਦੇ ਭਾ ਦੀ ਬਣ ਜਾਂਦੀ ਹੈ। ਉਹਨਾਂ ਦੀ ਜਾਨ ਲਬਾਂ ਤੇ ਆ ਜਾਂਦੀ ਹੈ "ਆਖਾ ਜੀਵਾ ਵਿਸਰੈ ਮਰਿ ਜਾਉ" ਦੇ ਭਾਵ ਵਾਲੀ ਘਟਨਾ ਉਹਨਾਂ ਤੇ ਐਨ ਘਟਦੀ ਹੈ। ਨਾਮ ਸਿਮਰਨ ਆਖਣ ਭਾਖਣ ਹੀ ਉਹਨਾਂ ਦਾ ਜੀਵਨ ਆਧਾਰੁ ਹੈ। ਪਰ ਨਾਮ ਤੋਂ ਵਿਸਰਜਤ ਹੋਇਆਂ, ਵਿਸਰਿਆਂ ਉਹਨਾਂ ਦਾ ਮਰਨ ਹੋ ਜਾਂਦਾ ਹੈ। ਇਕ ਛਿਨ ਨਾਮ ਤੋਂ ਵਿਸਰਨ ਦੀ ਪੀੜ ਉਹਨਾਂ ਲਈ ਮਰਨ ਦੀ ਪੀੜ ਵੇਦਨ ਸਦਰਸ ਹੈ। ਐਸੀ ਪ੍ਰੇਮ ਵੇਦਨ ਵਾਲੇ ਹੀ ਅਹਿਨਿਸਿ ਸਿਮਰਨ ਵਿਚਿ ਜਾਗਦੇ ਹਨ ਅਤੇ ਇਕ ਨਿਮਖ ਮਾਤਰ ਨਹੀਂ ਸਉਂਦੇ। ਜਿਨ੍ਹਾਂ ਨੂੰ ਸਚੇ ਰੱਬੀ ਪ੍ਰੇਮ ਇਸ਼ਕ ਪ੍ਰਮਾਰਥੀ ਦੀਆਂ ਸਚੀਆਂ ਲਿਲਾਂ ਲਗੀਆਂ ਹੋਈਆਂ ਹਨ। ਸੋਈ ਇਸ ਵੇਦਨੀ ਬਵਸਥਾ ਦੀ ਸਾਰ ਜਾਣਦੇ ਹਨ। ਜਿਨਾਂ ਦਾ ਹੀਅਰਾ ਜੀਅਰਾ ਪ੍ਰੇਮ ਦੇ ਤੀਰਾਂ ਨਾਲਿ ਵਿੰਨ੍ਹਿਆਂ ਹੋਇਆ ਹੁੰਦਾ ਹੈ ਉਹਨਾ ਹਾਲ ਦੀ ਅਉਖਧੀ ਉਹਨਾਂ ਦੀ ਦੂਖ ਦਾਰਨੀ ਦਾਰੂ ਇਹ ਦੁਨੀਆਵੀ ਵੈਦ ਹਕੀਮ ਕੀ ਜਾਣਦੇ ਹਨ? ਜਾਣ ਹੀ ਨਹੀਂ ਸਕਦੇ। ਪ੍ਰੀਤਮ ਪ੍ਰਮਾਤਮਾ ਰੂਪੀ ਖਸਮ ਸੇਤੀ ਐਸਾ ਵੇਦਨੀ ਪ੍ਰੇਮ ਕੋਈ ਵਿਰਲੀ ਵਡਭਾਗਣ ਪ੍ਰਮਾਰਥੀ ਜਗਿਆਸਾ ਵਾਲੀ ਜਗਿਆਸਣ ਇਸਤਰੀ ਹੀ ਰਚਾਉਂਦੀ ਹੈ। ਪਰ ਜਦ ਰਚਾਉਂਦੀ ਹੈ ਤਦ ਗੁਰ ਕੇ ਸ਼ਬਦ ਦੁਆਰਾ ਹੀ ਹਿਤੋਂ ਚਿਤੋਂ ਰਚਾਉਂਦੀ ਹੈ। ਹਿਤੋਂ ਚਿਤੋਂ ਗੁਰਮੰਤਰ (ਗੁਰਮਤਿ ਨਾਮ) ਦੀ ਅਭਿਆਸਣ ਹੋ ਕੇ ਹੀ ਐਸਾ ਨੇਹੁ ਲਾਉਂਦੀ ਰਚਾਉਂਦੀ ਹਿਤ ਚਿਤਾਉਂਦੀ ਹੈ। ਐਸੀ ਸਚੜਾ ਨੇਹੁ ਪ੍ਰੇਮ ਰਚਾਉਣ ਵਾਲੀ ਇਸਤਰੀ ਪਰਮਾਰਥ ਦੀ ਸਹਜ ਅਵਸਥਾ ਨੂੰ ਪ੍ਰਾਪਤਿ ਹੋ ਕੇ ਸੁਤੇ ਸਹਜ ਹੀ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੇ ਦੂਖ ਦਾਰਦ ਸਭ ਮਿਟ



www.AKJ.Org

ਜਾਂਦੇ ਹਨ। ਸੁਖ ਸਹਜ ਦੀ ਖਰੀ ਸੁਹੇਲਤਾ ਉਸ ਨੂੰ ਪ੍ਰਾਪਤਿ ਹੋ ਜਾਂਦੀ ਹੈ। ਉਸ ਦੀਆ ਸਾਰੀਆਂ ਡੰਝਾਂ ਲਹਿ ਜਾਂਦੀਆ ਹਨ। ਉਸਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਸਾਰੇ ਭਰਮ ਚਕਨਾ ਚੂਰ ਹੋ ਜਾਂਦੇ ਹਨ। ਉੱਕੇ ਪੁੱਕੇ ਹੀ ਚੁੱਕੇ ਜਾਂਦੇ ਹਨ। ਓਹ ਸੁਆਸ ਅਭਿਆਸੀ ਲਿਵਤਾਰੀ ਦਾ ਐਸਾ ਖੰਡਾ ਖੜਕਾਉਂਦੇ ਹਨ ਐਸੇ ਅਰਥ ਉਰਥੀ ਪ੍ਰੇਮ ਅਭਿਆਸ ਦੇ ਚਾਬਕ ਕਸ ਕਸ ਕੇ ਚਲਾਉਂਦੇ ਹਨ। ਨਾਭੀ ਵਿਚਿ ਸੁਆਸ ਟਿਕਾ ਕੇ ਰਸ-ਜੋਤਿ ਬਿਧੰਨੇ ਹੋਇ ਕੇ ਸਿਫਤਿ ਸਾਲਾਹ ਦੀ ਧਣਖ (ਕਮਾਣ) ਦਾ ਐਸਾ ਚਿੱਲਾ ਚੜ੍ਹਾਉਂਦੇ ਹਨ ਕਿ "ਗੁਰ ਕੈ ਸਬਦਿ ਮਰੈ ਮਨੁ ਮਾਰੇ" ਵਾਲੀ ਸੁੰਦਰ ਯੋਗ ਅਵੱਸਥਾ ਵਾਲੇ ਸੱਚੜੇ ਤੇ ਸੁੰਦਰਾਵਲੇ ਜੋਗਾਧਾਰੀ (ਸਹਜ ਯੋਗ ਅਭਿਆਸੀ) ਹੋ ਜਾਂਦੇ ਹਨ। ਪ੍ਰੇਮ ਬਾਣੀ ਰੂਪੀ ਬਾਣ ਮਾਰ ਮਾਰ ਕੇ ਸਿੰਨ ਸਿੰਨ ਕੇ ਪ੍ਰੇਮ ਬਾਣੀ ਦੇ ਬਾਣ ਚਲਾ ਕੇ ਐਸਾ ਸੁਆਸ ਅਭਿਆਸੀ ਚਿੱਲਾ ਚੜ੍ਹਾਉਂਦੇ ਹਨ ਕਿ ਅਣੀਆਲੇ ਬਾਣਾਂ (ਤੀਰਾਂ) ਦੀ ਅਣੀ ਹਿਰਦਾ ਵੇਧ ਕੇ ਵਿਚੇ ਹੀ ਅੜੀ ਰਹਿੰਦੀ ਹੈ। ਨਿਕਾਲੀ ਨਿਕਲਦੀ ਨਹੀਂ। ਨਿਕਲੇ ਕਿਵੇਂ, ਕਢਣ ਨੂੰ ਜੀਉ ਹੀ ਨਹੀਂ ਕਰਦਾ। ਪਿਰੰਮ ਦੀ ਐਸੀ ਸੁਆਦਲੀ ਪੀਰ ਹੈ ਕਿ ਉਸ ਨੂੰ ਜਰਨ ਵਾਲੇ ਜਰੀਏ ਹੀ ਜਾਣਦੇ ਹਨ, "ਉਹ ਮਰ ਜੀਵੈ ਮਰੀਆ" ਦੀ ਸਹਜ ਆਤਮ ਅਵਸਥਾ ਵਾਲੇ ਜੀਵਨ ਮੁਕਤ ਮਰਿਜੀਵੜੇ ਬਣ ਜਾਂਦੇ ਹਨ। ਇਉਂ ਗੁਰ ਸਬਦ ਦੀ ਪਾਰਸ ਅਭਿਆਸ ਕਲਾ ਉਹਨਾਂ ਦੇ ਅੰਦਰਿ ਆਤਮੇ ਵਰਤ ਜਾਂਦੀ ਹੈ ਕਿ ਉਹ ਸਚ ਮੁਚ ਮਰ-ਜੀਵੇ ਹੋ ਜਾਂਦੇ ਹਨ। ਐਸੇ ਸੁੰਦਰ ਜੋਗਾਧਾਰੀ ਮਰਿ-ਜੀਵੜੇ ਗੁਰਮੁਖ ਜਨਾਂ ਗੁਰ ਕਰਤਾਰ ਦੇ ਬਣਾਏ ਹੋਏ ਹੀ ਬਣਦੇ ਹਨ। ਉਸ ਦੀ ਨਦਰ ਦਾ ਸਦਕਾ ਹੀ ਬਣਦੇ ਹਨ। ਆਪੇ ਕੋਈ ਨਹੀਂ ਬਣ ਸਕਦਾ। ਹਉਮੈ ਨੂੰ ਮਾਰ ਕੇ ਮਰਦੇ ਹਨ। ਗੁਰਮੁਖਾਂ ਦੀ ਇਹ ਹਉਮੈ ਗੁਰ ਕਰਤਾਰ ਦੀ ਕਿਰਪਾ ਨਾਲ ਹੀ ਮਰਦੀ ਹੈ। ਜੋ ਗੁਰੂ ਤੋਂ ਬੇਮੁਖ ਹਨ। ਮਨਮੁਖ ਹਨ। ਉਹ ਅਹਿਨਿਸਿ ਹਉਮੈ ਦੀ ਅਗਨੀ ਵਿਚਿ ਹੀ ਸੜੇ ਬੁਝੇ ਕੁੜ੍ਹੇ ਰਹਿੰਦੇ ਹਨ। ਐਸੇ ਹਉਮੈ ਦੀ ਅਗਨੀ ਨਾਲਿ ਜਲਿਆਂ ਦਧਿਆਂ ਨੂੰ ਵਾਹਿਗੁਰੂ ਕਰਤਾ ਪੁਰਖ ਕਦੇ ਚੇਤੇ ਹੀ ਨਹੀਂ ਆਉਂਦਾ ਉਹ ਉਕਾ ਹੀ ਵਾਹਿਗੁਰੂ ਤੇ ਵਾਹਿਗੁਰੂ ਨਾਮ ਨੂੰ ਮਨਹੁ ਵਿਸਾਰ ਦਿੰਦੇ ਹਨ। ਵਾਹਿਗੁਰੂ ਵਿਸਾਰਨ ਹਾਰੇ ਅਜੇਹੇ ਮਨਮੁਖਾਂ ਨੂੰ ਜਮ ਪੁਰੇ ਵਿਖਿ ਜਾ ਕੇ ਜਮਾਂ ਦੇ ਖੜਗ ਕਰਾਰੇ ਵਜਦੇ ਹਨ। ਜਦੋਂ ਜਮਾਂ ਦੇ ਗੁਰਜ ਪੈਣ ਲਗਦੇ ਹਨ, ਫੇਰ ਓਹ ਕੂਕਦੇ ਹਨ ਤੇ ਕਹਿ ਉਠਦੇ ਹਨ ਕਿ ਹੁਣ ਅਗਾਹ ਨੂੰ ਨਾਮ ਜਪਾਂਗੇ ਪਰ "ਅਬ ਕੈ ਕਹਿਐ ਨਾਮੁ ਨ ਮਿਲਈ" ਹੁਣ ਦੀ ਕੂਕ ਪੁਕਾਰ ਤੋਂ ਕੀ ਬਣਦਾ ਹੈ। ਅਤੇ ਉਹਨਾਂ ਦਾ ਆਖਿਆ ਕਉਣ ਸੁਣਦਾ ਹੈ। ਉਸ ਵੇਲੇ ਦੀ ਭਾਰੀ ਭੀੜੀ ਬਣੀ ਨੂੰ ਸਿਰ ਤੇ ਸਹਿਣਾ ਪੈਂਦਾ ਹੈ। ਕਦੇ ਛੁਟਕਾਰਾ ਨਹੀਂ ਹੋ ਸਕਦਾ। ਮੁਧਗਰਾਂ ਦੀ ਮਾਰ ਤੋਂ ਜਮਪੁਰ ਜਾ ਕੇ ਇਹ ਹਾਲ ਉਹਨਾਂ ਦਾ ਹੁੰਦਾ ਹੈ ਜੋ ਮਾਤ ਲੋਕ ਵਿਖੇ ਸਾਰੀ ਉਮਰ ਰਹਿੰਦੇ ਮਾਇਆ ਮਮਤਾ ਦੇ ਅਲੂਦੇ ਖਿਆਲਾਂ ਵਿਚਿ ਹੀ ਲਿਬੜੇ ਰਹਿੰਦੇ ਹਨ। ਮਾਇਆ ਮਮਤਾ ਵਾਲੇ ਕੰਮਾਂ ਵਿਚਿ ਹੀ ਲਿਬੜੇ ਰਹਿੰਦੇ ਹਨ। ਉਹਨਾ ਨੂੰ ਇਹ ਗਲ ਕਦੇ ਭੀ ਨਹੀਂ ਅਉੜਦੀ ਕਿ ਜਮਪੁਰ ਜਾ ਕੇ ਜਮ ਦੀ ਜਾਲੀ (ਫਾਸੀ) ਵਿਚਿ ਫਸਣਾ ਪਏਗਾ। ਅਰ ਜਰੂਰ ਫਸਣਾ ਪਏਗਾ। ਜੂਨੀਆਂ ਵਿਚਿ ਰਹਿੰਦੇ ਹੇਤ ਦੇ ਬੰਧਨ ਜੋ ਤੋੜ ਨਹੀਂ ਸਕਦੇ। ਮਾਇਆ ਮਮਤਾ ਤੋਂ ਜੇ ਕਰ ਕੋਈ ਰਹਿਤ ਨਹੀਂ ਹੋ ਸਕਦੇ ਤਾ ਹੀ ਉਹਨਾ ਦੀ ਜਮਾਂ ਦੇ ਹਥੋਂ ਖੁਆਰੀ ਹੁੰਦੀ ਹੈ। ਜਮ ਦੁਆਰੇ ਤਾਹੀਓ ਤਾਂ ਓਹਨਾਂ ਨੂੰ ਖੱਜਲ ਖੁਆਰ ਹੋਣਾ ਪਏਗਾ। ਏਥੇ ਕਿਸੇ ਦਾ ਕੀਤਾ ਕੁਛ ਨਹੀਂ। ਕਿਸੇ ਦੇ ਵਸਿ ਦੀ ਗਲ ਹਰਗਿਜ਼ ਨਹੀਂ ਰਹਿੰਦੀ। ਜਿਸ ਨੂੰ ਉਹ ਦਾਤਾਰ ਗੁਰੂ ਕਰਤਾਰ ਨੇ ਬਖਸ਼ਣਾ ਹੁੰਦਾ ਹੈ ਤਿਸ ਨੂੰ ਇਸ ਮਾਨੁਖਾ ਜਨਮ ਵਿਖੇ ਹੀ ਅੰਮ੍ਰਿਤ ਦੀ ਦਾਤਿ ਮਿਲ ਜਾਂਦੀ ਹੈ। ਅੰਮ੍ਰਿਤ ਨਾਮ ਪ੍ਰਾਪਤਿ ਹੋ ਜਾਂਦਾ ਹੈ। ਜਿਸ ਨੂੰ ਇਹ ਦਾਤਿ ਮਿਲ ਜਾਂਦੀ ਹੈ ਉਸ ਦਾ ਬਿਨ ਚਾਹੇ ਸੁਤੇ ਹੀ ਖੰਡਾ ਖੜਕਣ ਲਗ ਪੈਂਦਾ ਹੈ। ਨਿਰਯਤਨ ਹੀ ਨਾਮ ਅਭਿਆਸ ਦੇ ਸਾਸ ਗਿਰਾਸੀ ਤੋਰੇ ਤੁਰੇ ਰਹਿੰਦੇ ਹਨ। ਜੇਬ ਘੜੀ ਨੂੰ ਅੱਠ ਪਹਿਰੀ ਚਾਬੀ ਦਿਤਿਆਂ ੨੪ ਘੰਟੇ ਘੜੀ ਚਲਦੀ ਰਹਿੰਦੀ ਹੈ। ਕਲਾਕ ਨੂੰ ਹਫਤੇਵਾਰ ਚਾਬੀ ਦੀ ਲੋੜ ਹੈ। ਪ੍ਰੰਤੂ ਅੰਮ੍ਰਿਤ ਅਧਿਕਾਰੀ ਨੂੰ ਜੀਵਨ ਜੁਗਤਾਰੀ ਚਾਬੀ ਪੰਜਾਂ ਪਿਆਰਿਆਂ ਦੁਆਰਾ ਮਿਲਿਆ ਇਕੋ ਵਾਰ ਮਿਲਿਆ ਜੀਵਨ ਆਰਜਾਰੀ ਅਭਿਆਸਾਚਾਰੀ ਪੈਂਡੂਲਮ ਉਮਰ ਭਰ ਖੜਕਦਾ ਹੀਰਹਿੰਦਾ ਹੈ। ਕਦੇ ਬੰਦ ਨਹੀਂ ਹੁੰਦਾ। ਖੜਕਾਉਣਹਾਰੇ ਦਾ ਖੜਕਾਇਆ ਹੀ ਖੜਕਦਾ ਹੈ। ਜੇ ਵਿਚਿ ਵਿਚਾਲੇ ਬਿਘਨ ਨਾ ਪੈ ਜਾਣ ਅਭਿਆਸੀ ਅਣਹੋਈ ਕਾਂਪ ਨਾ ਖਾ ਜਾਣ। ਤਾਹੀਂ ਇਹ ਕਾਰ ਤੋੜ ਨਿਭਦੀ ਹੈ। ਨਿਭਾਉਣਹਾਰਾ ਨਿਭਾਉਂਦਾ ਹੈ। ਸੂਖਮ ਤੋਂ ਸੂਖਮ ਅਹੰਕਾਰ ਜੇ ਕਿਤੇ ਵਿਆਪ ਜਾਏ ਤਾਂ ਅਭਿਆਸੀ ਜਨ ਉਥੇ ਦੇ ਉਥੇ ਹੀ ਰਹਿ ਖੜੋਂਦੇ ਹਨ। ਫੇਰ ਕਿਤੇ ਸਤਿਸੰਗ ਟੋਰਾ ਲਗਿਆਂ ਅਗਾਹਾਂ ਤੁਰਦੇ ਹਨ। ਨਦਰ ਹੋ ਜਾਵੇ ਨਦਰੀ ਪੁਰਖ ਮੇਹਰਬਾਨ ਦੀ ਤਾਂ ਖੜਦੀਓਂ ਚੜਦੀ ਕਲਾ ਬਹੁੜ ਹੋ ਜਾਣ ਵਿਚਿ ਬਿਲਮ ਨਹੀਂ ਲਗਦਾ।

ਏਸੇ ਉਪਰਲੇ ਭਾਵ ਪੂਰਤ ਇਹ ਅਗਲੇਰਾ ਗੁਰਵਾਕ ਹੈ:-

ਜਿਸਨੋ ਪ੍ਰੇਮੁ ਮੰਨਿ ਵਸਾਏ॥ ਸਾਚੈ ਸਬਦਿ ਸਹਜਿ ਸੁਭਾਏ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ॥੧॥
ਆਪੇ ਮੇਲੇ ਆਪਿ ਮਿਲਾਏ॥ ਆਪਣਾ ਪਿਆਰੁ ਆਪੇ



www.AKJ.Org

ਲਾਏ।। ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ।।੧।।ਰਹਾਉ।। ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ।। ਗੁਰ ਪਰਸਾਦਿ ਪਰਮ ਪਦੁ ਪਾਏ।। ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ।।੨।। ਸੰਜੋਗੀ ਧਨ ਪਿਰ ਮੇਲਾ ਹੋਵੈ।। ਗੁਰਮਤਿ ਵਿਚਹੁ ਦੁਰਮਤਿ ਖੋਵੈ।। ਰੰਗ ਸਿਉ ਨਿਤ ਰਲੀਆ ਮਾਣੈ ਆਪਣੇ ਕੰਤ ਪਿਆਰੀ ਜੀਉ।। ੩।।ਸਤਿਗੁਰ ਬਾਝਹੁ ਵੈਦੁ ਨ ਕੋਈ।। ਆਪੇ ਆਪਿ ਨਿਰੰਜਨੁ ਸੋਈ।। ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ।।੪।। ਏਹੁ ਸ਼ਬਦੁ ਸਾਰੁ ਜਿਸਨੋ ਲਾਏ।। ਗੁਰਮੁਖਿ ਤ੍ਰਿਸਨਾ ਭੁਖ ਗਵਾਏ।।ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲਧਾਰੀ ਜੀਉ।।੫।। ਅਗਮ ਨਿਗਮੁ ਸਤਿਗੁਰੂ ਦਿਖਾਇਆ।। ਕਰਿ ਕਿਰਪਾ ਅਪਨੈ ਘਰਿ ਆਇਆ।। ਅੰਜਨ ਮਾਹਿ ਨਿੰਰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ।।੬।। ਗੁਰਮੁਖਿ ਹੋਵੈ ਸੋ ਤਤੁ ਪਾਏ।। ਆਪਣਾ ਆਪੁ ਵਿਚਹੁ ਗਵਾਏ।। ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ।।੭।। ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ।। ਇਕਨਾ ਗੁਰਮੁਖਿ ਹਉਮੈ ਮਾਰੀ।। ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ।।੮।। ਗੁਰਮੁਖਿ ਜਿਨੀ ਨਾਮੁ ਨ ਪਾਇਆ।। ਮਨਮੁਖਿ ਬਿਰਥਾ ਜਨਮੁ ਗਵਾਇਆ।। ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ।।੯।। ਅੰਮ੍ਰਿਤ ਨਾਮੁ ਸਦਾ ਸੁਖ ਦਾਤਾ।।ਗੁਰਿ ਪੂਰੈ ਜੁਗ ਚਾਰੇ ਜਾਤਾ।। ਜਿਸ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ।।੧੦।।

(ਪੰਨਾ੧੦੧੬ )(ਮਾਰੂ ਮ: ੩ ਘਰ ੧ ਅਸਟਪਦੀਆ)

ਤਤ ਭਾਵ ਵਿਆਖਿਆ:- ਪ੍ਰੀਤਮ ਵਾਹਿਗੁਰੂ ਆਪਿ ਅਪਣਾ ਪ੍ਰੇਮ ਜਿਸ ਨੂੰ ਦੇਵੇ, ਪ੍ਰੇਮ ਦੇ ਕੇ ਜਿਸ ਮਨ ਵਿਚਿ ਪ੍ਰੇਮ ਹੀ ਪੇਮ ਵਸਾ ਦੇਵੇ। ਓਹੀ ਇਸ ਪ੍ਰੇਮ ਵੇਦਨ ਦੀ ਸਾਰ ਜਾਣ ਸਕਦਾ ਹੈ ਅਤੇ ਓਹੀ ਪ੍ਰੇਮ ਸਹਿਤ ਸ਼ਬਦ ਅਭਿਆਸ ਦੀ ਸਚੀ ਕਾਰ ਵਿਖੇ ਤਤਪਰ ਹੋ ਕੇ ਲਗ ਸਕਦਾ ਹੈ। ਹੇ ਦਾਤਾਰ ਕਰਤਾ ਪੁਰਖ ਕਰਤਾਰ ਵਾਹਿਗੁਰੂ ਸ਼ਬਦ ਗੁਰਮੰਤਰ ਦੀ ਦਾਤਿ ਭੀ ਗੁਰੂ ਦੁਆਰਿਆ ਸਹਜ ਸੁਭਾਇ ਹੀ ਤਿਸ ਜਨ ਨੂੰ ਦਿਵਾ ਦਿੰਦਾ ਹੈ ਜਿਸ ਉਪਰ ਉਸ ਦੀ ਨਦਰ ਮੇਹਰ ਹੋਵੇ ਆਪੇ ਮੇਲਦਾ ਹੈ, ਆਪੇ ਮੇਲ ਮਿਲਾਉਂਦਾ ਹੈ। ਆਪਣਾ ਪਿਆਰ ਆਪੇ ਲਾਉਂਦਾ ਹੈ। ਪ੍ਰੇਮ ਦੀ ਸਾਰ ਭੀ ਸੋਈ ਜਾਣਦਾ ਹੈ ਜਿਸ ਉਪਰ ਨਦਰੀ ਵਾਹਿਗੁਰੂ ਦੀ ਨਦਰ ਹੁੰਦੀ ਹੈ। ਜਿਸ ਗੁਰਮੁਖ ਜਨ ਉਤੇ ਉਹ ਨਦਰੀ ਨਦਰਿ ਨਿਹਾਲ ਹੁੰਦਾ ਹੈ, ਉਸ ਨੂੰ ਨਾਮ ਅਭਿਆਸ ਕਮਾਈ ਦੀ ਸਚੀ ਕਾਰ ਕਰਾਇ ਦਿਬ ਦ੍ਰਿਸ਼ਟੀ ਬਖਸ਼ ਦਿੰਦਾ ਹੈ ਤੇ ਦਿਬ ਦ੍ਰਿਸ਼ਟੀ ਵਾਲੀ ਸੁਜਾਗ ਜਾਗ੍ਰਤ ਕਰਾਇ ਕੇ ਉਸਦਾ ਭਰਮ ਚੁਕਾਇ ਦਿੰਦਾ ਹੈ। ਜਾਗਤ ਜੋਤੀਆ ਪ੍ਰਚੰਡ ਗਿਆਨ ਜਗਾਇ ਕੇ ਉਸਦਾ ਅੰਧੇਰ ਅਗਿਆਨ ਗੰਵਾਇ ਦਿੰਦਾ ਹੈ। ਇਉਂ ਗੁਰਪ੍ਰਸਾਦਿ ਕਰਿ ਉਸ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋਈ ਸਚਾ ਗੁਰਮੁਖ ਜੋਗੀ ਹੈ ਜਿਸ ਨੂੰ ਉਪਰ ਦਸੀ ਜੁਗਤਿ ਮੁਕਤੀਸੁਰੀ ਸੁਰਤਿ ਸਾਵਧਾਨਤਾ ਹੋ ਜਾਂਦੀ ਹੈ। ਪਰ ਹੁੰਦੀ ਹੈ ਗੁਰਮਤਿ ਨਾਮ ਅਭਿਆਸ ਕਮਾਈ ਦੇ ਸਦਕੇ। ਗੁਰ ਦੀਖਿਅਤ ਗੁਰ ਸ਼ਬਦ ਮੰਤਰ ਦੀ ਕਮਾਈ ਦੀ ਬਰਕਤ ਨਾਲਿ ਧਨ ਪਿਰ ਦਾ ਮੇਲਾ ਅਰਥਾਤ ਪਰਮਾਰਥ ਦੀ ਜਗਿਆਸਾ ਵਾਲੀ ਗੁਰਮੁਖ ਪ੍ਰਿੰਮਨੀ ਦਾ ਮੇਲਾ ਪ੍ਰੀਤਮ ਵਾਹਿਗੁਰੂ ਨਾਲਿ ਸੰਜੋਗ ਕਰ ਕੇ ਹੀ ਹੁੰਦਾ ਹੈ। ਸੰਜੋਗਾਂ ਦੀ ਲਿਖਤਕਾਰ ਗੁਰੂ ਕਰਤਾਰ ਦੇ ਹੀ ਵਸਿ ਹੈ। ਅਤੇ ਜਗਿਆਸੂ ਦੇ ਕਰਮਾਂ ਦੀ ਜਗਿਆਸਾ ਹੈ। ਇਹ ਧਨ ਪਿਰੀ ਮੇਲਾ ਪੂਰਨ ਗੁਰਮਤਿ ਅਸੂਲਾਂ ਦੀ ਅਨਕੂਲਤਾ ਅਨੁਸਾਰ ਚਲਣ ਵਾਲਿਆਂ ਗੁਰਮੁਖਾਂ ਅਨਿੰਨ ਉਪਾਸ਼ਕਾਂ ਅਕਾਲ ਪੁਰਖ ਦੇ ਆਸ਼ਕਾਂ ਨੂੰ ਹੁੰਦਾ ਹੈ। ਗੁਰਮਤਿ ਉਤੇ ਪੂਰੀ ਤਰ੍ਹਾਂ ਚਲਿਆਂ ਦੁਰਮਤਿ ਖੋਈ ਜਾਂਦੀ ਹੈ। ਜਿਸਦੀ ਅੰਦਰੋਂ ਦੁਰਮਤਿ ਖੋਈ ਗਈ, ਮਨਮਤਿ ਮਲ ਧੋਈ ਗਈ, ਉਹ ਧੁਰਿ ਪਿਰ ਮੇਲ ਮਿਲਈਆ ਸੰਜੋਗੀ ਜਨ, ਪਿਰ ਪ੍ਰੀਤਮ ਮਿਲ ਰਹੀ ਸੰਜੋਗਨ ਧਨ (ਇਸਤ੍ਰੀ) ਹਰਿ ਰੰਗਾਂ, ਨਾਮ ਰੰਗਾਂ ਵਿਚਿ ਰਤੀ ਹੋਈ ਪਿਰ ਪ੍ਰੀਤਮ ਦੇ ਇਸ਼ਕ ਪਿਰੰਮੀ ਮੌਜ ਵਿਚਿ ਮਤੀ ਹੋਈ ਨਿਤਾ ਪ੍ਰਤਿ ਰਲੀਆਂ ਮਾਣਦੀ ਹੈ ਅਤੇ ਸਚੇ ਪਿਆਰ ਵਿਚਿ ਹੀ ਗੁੱਧੀ ਰਹਿੰਦੀ ਹੈ। ਅਜੇਹੀ ਪਿਆਰ ਵਿਚਿ ਪਰੁੰਨੀ ਗੁੰਨੀ ਹੋਈ ਮਾਸ਼ੂਕਾ ਹੀ ਆਪਣੇ ਕੰਤ ਰੀਸਾਲੂ ਨੂੰ ਅਤੇ ਪਿਆਰੀ ਲਗਦੀ ਹੈ। ਉਸਦੇ ਬਿਰਹੇ ਬੇਦਨੀ ਰੋਗ ਸਭ ਚੁੱਕੇ ਜਾਂਦੇ ਹਨ.। ਹੋਰ ਸਰੀਰਕ ਤੇ ਮਾਨਸਿਕ ਰੋਗ ਭੀ ਸਾਰੇ ਦੂਰ ਹੋ ਜਾਂਦੇ ਹਨ। ਇਉਂ ਸੁੱਚੇ ਰੋਗਾਂ ਨੂੰ ਨਵਿਰਤ ਕਰਨ ਹਾਰਾ ਸਚਾ ਬੈਦ, ਗੁਰੂ ਸਤਿਗੁਰ ਪੂਰਾ ਦਸ ਗੁਰੂ ਅਵਤਾਰ ਧਾਰਨ ਵਾਲਾ ਗੁਰੂ ਨਾਨਕ ਹੀ ਹੈ। ਇਸ ਸਚੇ ਸਤਿਗੁਰੂ ਬਾਂਝੋ ਹੋਰ ਕੋਈ ਗੁਰੂ ਨਹੀਂ। ਨਾ ਹੀ ਐਸੇ ਸਤਿਗੁਰੂ ਬਾਝੋਂ ਹੋਰ ਕੋਈ ਸਚੜਾ ਬੈਦੁ ਹੈ। ਜੋ ਸਾਰੇ ਮਾਨਸਿਕ ਤੇ ਸਰੀਰਕ ਦੁੱਖ ਦੂਰ ਕਰ ਸਕੇ। ਇਹ ਸਚੜਾ ਬੈਦੁ ਗੁਰੂ ਆਪੇ ਆਪਿ ਨਿਰੰਜਨ ਸਰੂਪ ਹੀ ਹੈ। ਐਸੇ ਨਿਰੰਜਨ ਸਰੂਪ ਨਿਰੰਕਾਰੀ ਗੁਰੂ ਨੂੰ ਮਿਲਿਆਂ ਹੀ ਮਨ ਮਨੂਰ ਦੇ ਗੰਦ ਮੰਦ ਭਾਵ ਗੰਦੇ ਮੰਦੇ ਕੁਫਰਨ ਕਾਫੂਰ ਹੋ ਕੇ ਉੱਕੇ ਹੀ ਮਿਟ ਜਾਂਦੇ ਹਨ। ਐਸੇ ਮੰਦ ਕਫੁਰਨਾਮਿਆਂ ਤੋਂ ਪਾਰ ਹੋਏ ਹਿਰਦਿਆਂ ਵਿਚਿ ਹੀ ਗਿਆਨ ਪ੍ਰਕਾਸ਼ ਹੁੰਦਾ ਹੈ। ਗਿਆਨ ਪ੍ਰਕਾਸ਼ੀ ਨੂਰ ਜੋਤਾਸ਼ੀ ਸੂਰਜ ਦਾ ਤਲੂਅ (ਉਦੇ ਹੋਣਾ) ਹੁੰਦਾ ਹੈ। ਸਚ



www.AKJ.Org

ਗਿਆਨ ਤਲ਼ਈ ਗਿਆਨ ਪ੍ਰਚੰਡੀ ਪਾਰਸ ਚਾਨਣੇ ਦੀ ਪ੍ਰਚੰਡਤਾ ਬਖਸ਼ਣ ਹਾਰੇ ਸਾਰ ਗੁਰਸ਼ਬਦ ਦੀ ਪਾਰਸ ਛੋਹ ਜਿਸ ਨੂੰ ਲਗਦੀ ਹੈ ਤਿਸ ਗੁਰਮੁਖ ਜਨ ਦੇ ਤਿਮਰ ਅਗਿਆਨ ਦੇ ਭਰਮ ਦੇ ਛਉੜ ਕੱਟੇ ਜਾਂਦੇ ਹਨ ਅਤੇ ਤ੍ਰਿਸ਼ਨਾ ਭੁਖ ਤੇ ਦੁਖ ਰੋਗ ਸਭਿ ਮਿਟ ਜਾਂਦੇ ਹਨ। ਗਏ ਗੁਆਤੇ ਹੋ ਜਾਂਦੇ ਹਨ। ਐਸੀ ਅਪਰ ਅਪਾਰ ਅਜ਼ਗੈਬੀ ਨੇਅਮਤ ਗੁਰਮੁਖ ਜਨ ਵਡਭਾਗੇ ਨੂੰ ਗੁਰਪ੍ਰਸਾਦਿ ਗੁਰੂ ਕਰਤਾਰ ਦੀ ਕਿਰਪਾ ਕਰਿ ਹੀ ਮਿਲਦੀ ਹੈ।"ਆਪਣ ਲੀਆ ਕਿਛੂ ਨ ਪਾਈਐ" (੧੦੧੯) ਨਿਰਾ ਆਪਣੀ ਕਮਾਈ ਤੇ ਸ਼ਾਕਰ ਹੋਇਆਂ ਕਾਈ ਸ਼ੈ ਨਹੀਂ ਮਿਲਦੀ। ਸ਼ੁਕਰੀਏ ਤੇ ਸ਼ੁਕਰ ਗੁਜ਼ਾਰ ਮਸ਼ਕੂਰ ਹੋਇਆਂ ਸਭ ਕੁਛ ਮਿਲਦਾ ਹੈ ਅਤੇ ਮਿਲਦਾ ਹੈ ਗੁਰੂ ਕਰਤਾਰ ਦੇ ਦਰੋਂ ਘਰੋਂ। ਆਪਣੀ ਲਈ ਦੇਈ ਏਥੇ ਨਹੀ ਪੁਜਦੀ। ਪੁਜਦੀ ਸਰਦੀ ਕਮਾਈ ਗੁਰੂ ਆਸਰੇ ਕਰਤਾਰ ਭਰੋਸੇ ਕੀਤੀ ਹੋਈ ਹੀ ਥਾਇ ਪੈਂਦੀ ਹੈ। "ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ"॥(੧੩੪)

ਇਉਂ ਤਾਂ ਹਰ ਕੋਈ ਨਾ ਕਰਤਾ ਧਰਤਾ ਆਪਣ ਲਈ-ਲਵਰਤਾ ਬਣਾ ਬੈਠੇ। ਬਸ, ਆਪਣਾ ਲੀਆ ਦੀਆ ਕਖ ਭੀ ਨਹੀ ਹੁੰਦਾ। ਸਰਬ ਕਲਾ ਸਮਰਥ ਗੁਰ ਕਰਤਾਰ ਹੀ ਆਪਣੀ ਕਲਾ (ਕਲਾ ਸ਼ਕਤਿ) ਵਰਤਾਇਕੇ ਸਭ ਕੁਝ ਕਰਦਾ ਕਰਾਉਂਦਾ ਹੈ। ਇਹ ਉਸ ਦੀ ਕਿਰਪਾਲਤਾ ਹੈ। ਕਰਤਾਰ ਸਰੂਪ ਸਤਿਗੁਰੂ ਨੂੰ ਹੀ ਐਸਾ ਪ੍ਰਸਾਦੀ ਬਣਨ ਦੀਆਂ ਤੁਫੀਕਾਂ ਹਨ। ਜੋ ਧੁਰਿ ਦਰਗਾਹ ਤੋਂ ਪ੍ਰਾਪਤਿ ਹਨ। ਅਗਮ ਨਿਗਮ ਦੀ ਸੋਝੀ ਨਿਰਮਲ ਪਰਤੱਖਤਾ ਵਿਚਿ ਕਰਾਉਣਾ ਸਤਿਗੁਰੂ ਦੇ ਤੌਫੀਕੀ ਵਿਰਸੇ ਵਿਚਿ ਹੀ ਆਇਆ ਹੈ। ਜਿਥੇ ਕਿਸੇ ਦੀ ਗੰਮਤਾ (ਪਹੁੰਚ) ਨਹੀਂ। ਉਸ ਅਗਮ ਅਗੋਚਰੀ ਪਰਮਾਰਥੀ ਮੰਜ਼ਲ ਤੇ ਪੁਚਾਉਣਾ ਸਿਰਫ ਸਤਿਗੁਰੂ ਦੀ ਸਮਰਥਤਾ ਗੋਚਰਾ ਹੀ ਸੀਗਾ ਹੈ। ਜਿਸ ਅਗੰਮੀ ਇਲਮੁਲ ਗੈਬ ਦੀ ਗੰਮਤਾ ਨੂੰ ਬੇਦ ਕਤੇਬ ਭੀ ਨਹੀਂ ਪਹੁੰਚ ਸਕਦੇ ਉਸ ਤਾਈ ਸਤਿਗੁਰੂ ਸਮਰਥ ਇਕ ਫੋਰ ਵਿਚਿ ਅਪੜਾਇ ਸਕਦਾ ਹੈ। ਸਤਿਗੁਰੂ ਸਮਰਥ ਨੇ ਆਪਣੇ ਪਾਤਰ ਸਿੱਖਾਂ ਗੁਰਮੁਖ ਜਨਾਂ ਨੂੰ ਅਗਮ ਅਗੋਚਰੀ ਦ੍ਰਿਸ਼ਯ ਪਰਤਖ ਦਿਖਾਇਆ ਹੈ। ਹੁਣ ਭੀ ਸਤਿਗੁਰੂ ਵਰੋਸਾਏ ਦਿਬ ਦ੍ਰਿਸ਼ਟੀ ਵਾਲੇ ਗੁਰਮੁਖ ਜਨ ਇਸ ਪਰਤੱਖਤਾ ਦਾ ਆਨੰਦ ਮਾਣਦੇ ਹਨ। ਅਗਮ ਅਗੋਚਰ ਵਾਹਿਗੁਰੂ ਦੇ ਦਰਸ਼ਨਾਂ ਦਾ ਨਜ਼ਾਰਾ ਸਤਿਗੁਰੂ ਆਪਣੇ ਗੁਰਮੁਖ ਪਿਆਰਿਆਂ ਨੂੰ ਨਿਜ ਘਟ ਅੰਦਰਿ ਕਿਰਪਾ ਕਰ ਕੇ ਦਿਖਾਇ ਦਿੰਦਾ ਹੈ। ਗੰਮਤਾ ਤੇ ਅਗੋਚਰ ਸਰਬ ਵਿਆਪਕ ਸਾਹਿਗੁਰੂ ਸਤਿਗੁਰੂ ਦੇ ਪ੍ਰਸਾਦਿ ਕਰਿ ਘਰ ਅੰਦਰਿ ਗੁਰਮੁਖਾਂ ਦੇ ਘਟ ਭੀਤਰਿ ਹੀ ਆਇ ਦੀਦਾਰੇ ਦਿੰਦਾ ਹੈ। ਸਤਿਗੁਰੂ ਬਖਸੇ ਗੁਰਮਤਿ ਗਿਆਨ ਦਾ ਵਾਧਾ ਇਹ ਹੈ ਕਿ ਮਾਇਆ ਵਿਚਿ ਰਹਿੰਦਿਆਂ ਹੋਇਆਂ ਹੀ ਘਰ ਕੁਟੰਬ ਵਿਚਿ ਬਿਚਰਦਿਆਂ ਹੋਇਆਂ ਹੀ ਨਿਰੰਜਨ ਨਿਰੰਕਾਰ ਵਾਹਿਗੁਰੂ ਅਗਮ ਅਗੋਚਰ ਦਾ ਪਰਤਖ ਦੀਦਾਰ ਹੋ ਜਾਂਦਾ ਹੈ। ਤੱਤ ਅਪ੍ਰੋਖਸ਼ ਗਿਆਨ ਹੋ ਜਾਂਦਾ ਹੈ। ਜਿਨ੍ਹਾਂ ਉੱਤੇ ਖਾਸ ਵਾਹਿਗੁਰੂ ਦੀ ਨਜ਼ਰ ਹੁੰਦੀ ਹੈ। ਤਿਨ੍ਹਾਂ ਨੂੰ ਹੀ ਇਹ ਤਤ ਵੇਤਾਈ ਦੀ ਪਰਤੱਖਤਾ ਘਟਿ ਦੀ ਦੱਖਤਾ ਹੁੰਦੀ ਹੈ। ਇਹ ਤੱਤ ਵਥੀ ਮਹੱਤਤਾ ਅਪਣਾ ਆਪ ਵਿਚਹੁੰ ਗੰਵਾਉਣ ਵਾਲੇ ਗੁਰਮੁਖ ਜਨਾਂ ਨੂੰ ਹੀ ਮਿਲਦੀ ਹੈ, ਜਿਸ ਨੇ ਸਤਿਗੁਰੂ ਦਾ ਸਿੱਖ ਬਣ ਕੇ ਅਨਿੰਨ ਭਗਤੀ ਮਈ ਸੇਵਾ ਕੀਤੀ ਹੋਵੇ। ਪਰਮਾਰਥ ਦਾ ਤੁਤ ਵਿਲਖਣੀ ਮਰਤਬਾ ਸਤਿਗੁਰੂ ਦਾ ਸਿਖੁ ਬਣ ਕੇ ਹੀ ਮਿਲਦਾ ਹੈ। ਸਤਿਗੁਰੂ ਬਾਝਹੁ ਸਭ ਲੁਕਾਈ ਧੰਧ ਕਮਾਉਂਦੀ ਹੀ ਫਿਰਦੀ ਹੈ। ਐਵੇਂ ਕੱਚੇ ਪਿੱਲੇ ਅਲਪਗ ਮਤਿ ਬੁਧੀ ਵਾਲੇ ਡਿੰਭੀ ਗੁਰੂਆਂ ਪਾਸ ਜਾ ਜਾ ਕੇ ਟੱਕਰਾਂ ਮਾਰਿਆਂ ਕੀ ਬਣਦਾ ਹੈ ਇਹ ਗਲ ਸੋਧ ਸਾਧ ਕੇ ਤੱਤ ਨਿਚੋੜਵੀਂ ਪਰਖ ਵਿਚਿ ਪਰਖੀ ਗਈ ਹੈ। ਇਕਿ ਐਸੇ ਭੀ ਲੋਕ ਹਨ ਜੋ ਆਪਣੇ ਆਪ ਵਿਚਿ ਹੀ ਆਪਣੇ ਨਿਜ ਖਰੜਾਏ ਖਰੜ ਗਿਆਨ ਦੁਆਰਾ ਕੁਛ ਬਣੇ ਫਿਰਦੇ ਹਨ। ਇਹ ਨਿਰੇ ਹੀ ਹੰਕਾਰੀ ਪੁਰਸ਼ ਹਨ ਅਤੇ ਪਰਲੇ ਦਰਜੇ ਦੇ ਮੂਰਖ ਹਨ। ਭਰਮਿ ਭੁਲੇ ਹੀ ਫਿਰਦੇ ਹਨ। ਜਿਨਾਂ ਦੀ ਕਲਿਆਣ ਗਤੀ ਹੋਣੀ ਉਕੀ ਹੀ ਅਸੰਭਵ (ਨਾਮੁਮਕਿਨ) ਹੈ। ਇਹਨਾਂ ਦੇ ਮੁਕਾਬਲੇ ਵਿਚਿ ਜਿਹੜੇ ਗੁਰਮੁਖ ਜਨਾਂ ਨੇ ਨਾਮ ਕਮਾਈਆਂ ਕਰ ਕਰ ਕੇ ਹਉਮੈ ਆਪਣੇ ਆਪ ਵਿਚੋਂ ਮਾਰੀ ਹੈ, ਓਹ "ਸਚੈ ਸਬਦਿ ਰਤੇ ਬੈਰਾਗੀ" ਹਨ। ਤਿਨਾਂ ਨੂੰ ਸਚਾ ਬੈਰਾਗ ਪਰਮਾਰਥ ਦਾ ਉਪਜਿਆ ਹੈ। ਤਿਨਾਂ ਨੇ ਤੱਤ ਬੈਰਾਗੀ ਬਣ ਕੇ ਪਰਮਾਰਥ ਦੀ ਖੋਜ ਕੀਤੀ ਹੈ। ਤਿਨ੍ਹਾਂ ਨੂੰ ਪ੍ਰਮਾਤਮਾ ਪ੍ਰਾਪਤੀ ਦੀ ਸੱਚੀ ਲਿਵ ਲਗੀ ਹੈ। ਓਹ ਆਪਣੀ ਇਸ ਸੁਚਿਆਰਤਾ ਕਰਿ ਹਿਤੋਂ ਚਿਤੋਂ ਗੁਰਮਤਿ ਸ਼ਬਦ ਦੇ ਮਾਰਗੀ ਹੋਇ ਹਨ। ਗੁਰ ਸ਼ਬਦ ਦੀਆਂ ਤਤ ਅਤੇ ਅਤੁਟ ਕਮਾਈਆਂ ਕਰਿ ਕਰਿ ਉਹ ਨਾਮ ਦੇ ਰੰਗਾਂ ਵਿਚਿ ਰਤੇ ਗਏ ਹਨ। ਐਸੇ ਨਾਮ ਰਤੇ ਬੈਰਾਗੀਆਂ ਸ਼ਬਦ ਅਨੁਰਾਗੀਆਂ ਸੋਹਾਗ ਸੋਹਾਗਣੀਆਂ ਤੋਂ ਬਿਨਾਂ ਹੋਰ ਸਾਰੇ ਗੰਵਾਰ ਖੋਜੀ ਭਰਮਿ ਭੁਲੇ ਹੋਏ ਅਹੰਮਤੀ ਆਪਾ ਪੰਥੀ ਹਨ। ਜਿਨਾਂ ਨੇ ਗੁਰਮੁਖ ਬਣ ਕੇ ਗੁਰੂ ਦੁਆਰਿਓ ਗੁਰਦੀਖਿਆ ਲੈ ਕੇ ਨਾਮ ਨਹੀਂ ਪ੍ਰਾਪਤਿ ਕੀਤਾ, ਸੋ ਮਨਮੁਖ ਮੂੜ ਗੰਵਾਰ ਹਨ। ਤਿਨਾਂ ਮਨਮੁਖਾਂ ਨੇ ਆਪਣਾ ਸਾਰਾ ਮਾਨੁਖਾ ਜਨਮ ਹੀ ਬਿਰਥਾ ਗੰਵਾ ਲਿਆ। ਅਗੇ ਅਗਲੀ ਦਰਗਾਹੇ ਜਾ ਕੇ ਨਾਮ ਬਿਨਾਂ ਕੋਈ ਭੀ ਬੇਲੀ ਨਹੀਂ। ਗੁਰਮਤਿ ਗੁਰਬਾਣੀ ਦੀ ਇਹ ਸਾਰ ਸਿੱਟੇ ਵਾਲੀ ਨਿਚੋੜਵੀਂ ਵੀਚਾਰ ਹੈ। ਤ੍ਰਿਕਾਲ ਦਰਸੀ



www.AKJ.Org

ਸਰਬੱਗ ਸਤਿਗੁਰੂ ਨਾਨਕ ਸਾਹਿਬ ਨੇ ਚੌਹਾਂ ਜੁਗਾਂ ਦਾ ਵੀਚਾਰ ਨਿਚੋੜ ਕਢ ਕੇ ਦੇਖ ਲਿਆ ਹੈ ਕਿ ਸਾਰੇ ਜੁਗਾਂ ਵਿਚਿ ਸਚੇ ਸਤਿਗੁਰੂ ਦੀ ਬਸੀਠੀ ਵਿਚ ਮਿਲੇ ਅੰਮ੍ਰਿਤ ਨਾਮ ਦੁਆਰਾ ਹੀ ਸਭ ਦਾ ਨਿਸਤਾਰਾ ਹੈ। ਅੰਮ੍ਰਿਤ ਨਾਮ ਹੀ ਸਦਾ ਸੁਖਦਾਤਾ ਹੈ। ਪਰ "ਜਿਸੁ ਤੂ ਦੇਵਹਿ ਸੋਈ ਪਾਏ।" ਇਹ ਅੰਮ੍ਰਿਤ ਨਾਮੁ ਜਿਸੁ ਵਡਿਭਾਗੇ ਗੁਰਮੁਖ ਜਨ ਨੂੰ ਤੂੰ ਆਪਣੀ ਕਿਰਪਾ ਕਰਿ ਦੇਵਹਿ ਤਿਸੇ ਨੂੰ ਮਿਲਦਾ ਹੈ। ਇਹ ਗੁਰਮਤਿ ਤੱਤ ਵਿਚਾਰ ਦਾ ਸਾਰ ਸਿੱਟਾ ਹੈ।

ਆਸ਼ੰਕਾ ਵਾਦੀ ਲੋਗ ਜਿਹੜੀਆਂ ਇਹੋ ਜਿਹੀਆਂ ਅੜਾਉਣੀਆਂ ਪਾਉਂਦੇ ਹਨ ਅਤੇ ਢੁਚਰਾਂ ਡਾਹੁੰਦੇ ਹਨ ਕਿ ਮਾਨੁਖਾਂ ਦਾ ਇਹ ਮਨੂਆਂ ਮੁਢ ਤੋਂ ਹੀ ਚੰਚਲ ਅਥਵਾ ਬੈਰਾਗੀ ਆਪੇ ਹੀ ਹੋਇਆ ਯਾ ਕਰਤੇ ਦਾ ਕੀਤਾ ਹੋਇਆ ਚੰਚਲ ਬੈਰਾਗੀ ਬਣਿਆ। ਇਸ ਮਨ ਨੂੰ ਮਮਤਾ ਕਿਥੋਂ ਆ ਲਗੀ ? ਮੁੱਢੋਂ ਹੀ ਮਨ ਮਮਤਾ ਗ੍ਰਸਿਆ ਕਿਵੇਂ ਹੋਇਆ? ...ਇਸ ਵਿਸ਼ੇ ਪ੍ਰਥਾਇ ਪ੍ਰਸ਼ਨੋਤ੍ਰੀ ਗੁਰਵਾਕ ਇਸ ਪ੍ਰਕਾਰ ਆਉਂਦਾ ਹੈ :- ਆਪੇ ਹੀ ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ। ਅਤੇ ਵੀਚਾਰ ਅਭਿਮਾਨੀ ਪੰਡਤਾਂ ਨੂੰ ਸੰਬੋਧਨ ਕਰ ਕੇ ਪੁਛਦੇ ਹਨ ਅਤੇ ਉਹਨਾਂ ਦੀ ਨਿਰਉਤਰਤਾ ਅਨੁਮਾਨ ਕੇ ਆਪੇ ਹੀ ਇਸ ਪ੍ਰਕਾਰ ਪ੍ਰਸ਼ਨ ਪਾ ਕੇ ਉਤਰ ਦਿੰਦੇ ਹਨ। ਯਥਾ ਗੁਰਵਾਕ:-

"ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥੧॥
ਰਹਾਉ॥ ਮਾਇਆ ਮਮਤਾ ਕਰਤੇ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰਪਰਸਾਦੀ ਬੂਝਹੁ ਭਾਈ॥
ਸਦਾ ਰਹਹੁ ਹਰਿ ਕੀ ਸਰਣਾਈ ॥"੨॥੫॥੧॥੧੦॥
(ਪੰਨਾ ੧੨੬੧) (ਮਲਾਰ ਮ: ੩ ਘਰ ੨॥)

ਵੀਚਾਰ ਵਿਵੇਚਨ:- ਮੂਲ ਮੁਢਵੀ ਅੰਸ ਇਸ ਮਨ ਦੀ ਗ੍ਰਿਸਤ ਸੰਬੰਧਨੀ ਹੈ ਕਿ ਅਤੀਤ ਬੈਰਾਗਨੀ ਹੈ। ਜੇ ਅਤੀਤ ਬੈਰਾਗਨੀ ਹੈ ਤਾਂ ਇਸ ਮਨ ਨੂੰ ਮਮਤਾ ਕਿਥੋਂ ਆ ਲਗੀ? ਇਸ ਮਨ ਦਾ ਮੂਲ ਜੇ ਅਜਨਮਾ ਹੈ। ਵਰਨ ਜਾਤਿ ਜਨਮ ਵਿਚਿ ਆਉਣ ਵਾਲਾ ਨਹੀਂ ਅਤੇ ਜੇਕਰ ਇਹ ਮਨੁ ਸਦਾ ਅਬਿਨਾਸੀ ਅੰਸ ਧਾਤ ਵਾਲਾ ਹੈ। ਤਾਂ ਏਹ ਚਉਰਾਸੀ ਦਾ ਗੇੜ ਇਸ ਮਨ ਨੂੰ ਕਿਥੋਂ ਆ ਚਿਮੜਿਆ ਹੈ? ਜੇਕਰ ਚੁਰਾਸੀ ਦੇ ਗੇੜ ਵਿਚਿ ਪੈਣ ਵਾਲਾ ਹੈ ਤਾਂ ਇਹ ਮਨ ਚੰਚਲ ਹੈ। ਵੈਰਾਗ ਵਿਰਕਤਤਾ ਇਸ ਮਨ ਦੇ ਨੇੜੇ ਨਹੀਂ ਆਈ। ਜੇ ਵਿਰਕਤ ਬੈਰਾਗੀ ਇਸ ਮਨ ਨੂੰ ਹੀ ਕਹੀਐ ਤਾਂ ਇਹ ਮਮਤਾ ਰਹਿਤ ਹੋਣਾ ਚਾਹੀਦਾ ਹੈ। ਪ੍ਰੰਤੂ ਆਮ ਤੌਰ ਤੇ ਇਹੁ ਮਨੂਆ ਮਮਤਾ ਗ੍ਰਸਿਆ ਹੀ ਦੀਂਹਦਾ ਹੈ। ਬਹੁਤੀਆਂ ਪੰਡਤਾਈਆਂ ਵਿਦਿਆ ਪਰਬੀਨੀਆ ਵਾਲੇ ਬੇਦਾਚਾਰੀ ਫਿਲਾਸਫਰਾ ਪ੍ਰਤੀ ਇਸ ਪ੍ਰਕਾਰ ਦੇ ਪ੍ਰਸ਼ਨ ਪਾ ਕੇ ਗੁਰੂ ਸਾਹਿਬ ਉਹਨਾਂ ਤੋਂ ਨਿਬੇੜਾ ਕਰਾਉਣਾ ਚਾਹੁੰਦੇ ਹਨ। ਪਰ ਉਹਨਾਂ ਨੂੰ ਇਸ ਨਿਬੇੜ ਨਿਬੇੜੇ ਤੋਂ ਅਸਮਰਥ ਸਮਝ ਕੇ ਗੁਰੂ ਸਾਹਿਬ ਆਪ ਹੀ ਉਹਨਾਂ ਦੀ ਨਿਸ਼ਾ ਕਰਾਉਂਦੇ ਹਨ। ਵੇਦ ਸਦਰਸ ਚਟਕੀਲੇ ਸੁਸ਼ਕੀਲੇ ਚੁੰਚ ਗਿਆਨ ਦੀਆਂ ਪੁਸਤਕਾਂ ਦੇ ਲਦ ਲਦਿਆਂ ਭਾਰਾਂ ਦੇ ਭਾਰ ਬੰਨ੍ਹਿਆ ਅਤੇ ਚੁੰਚ ਗਿਆਨ ਚਰਚਾ ਕਰ ਕੇ ਸਭਾਜੀਤ ਹੋਇਆਂ ਕੁਛ ਨਹੀਂ ਬਣਦਾ ਸਗੋਂ ਮਨੁ ਹੋਰ ਚੰਚਲ ਅਤੇ ਅਹੰਮਮਤਾ-ਗ੍ਰਸਤ ਹੋ ਜਾਂਦਾ ਹੈ। ਅਸਲ ਅਧਿਆਤਮ ਤੱਤ ਗਿਆਨ ਪ੍ਰਾਪਤਿ ਨ ਹੋਣ ਕਰ ਕੇ ਸਗੋਂ ਹੋਰ ਅਸ਼ੰਕਾਵਾਦੀ ਹੋ ਜਾਂਦਾ ਹੈ। ਨਾਹੀ ਮਨ ਵਸਿ ਆਉਦਾ ਹੈ। ਨਾ ਮਨੁ ਮਰਦਾ ਹੇ ਨਾ ਅਹੰਗਤਾ ਮਰਦੀ ਹੈ ਸਗੋਂ ਦਿਨੋਂ ਦਿਨ ਵਧਦੀ ਜਾਂਦੀ ਹੈ।

ਸਚਾ ਪੰਡਿਤ ਓਹ ਹੈ ਜੋ ਮਨ ਨੂੰ ਪਰਮਾਤਮਾ ਜੋਤਿ ਸਰੂਪ ਅੰਸ਼ ਸਮਝਦਾ ਹੈ ਅਤੇ ਇਉਂ ਆਪਣਾ ਮੂਲ ਪਛਾਣਦਾ ਹੈ। ਪ੍ਰਚੰਡ ਸ਼ਬਦ ਗੁਰੂ ਨਾਲਿ ਆਤਮ ਅਭਿਆਸੀ ਲਿਵ ਜੋੜਦਾ ਹੈ, ਇਹੋ ਮਨ ਦੀ ਸਚੀ ਖੋਜ ਵੀਚਾਰ ਹੈ। ਮਨ ਪ੍ਰਥਾਇ ਇਹੋ ਜਿਹੇ ਪ੍ਰਸ਼ਨ ਉਚਾਰ ਕੇ ਪ੍ਰਸ਼ਨ ਕਰਤਾ ਆਪਣੀ ਚਤੁਰਾਈ ਅਤੇ ਚਪਲਤਾਈ ਜਣਾਉਂਦਾ ਹੈ। ਮਨ ਦੇ ਤੱਤ ਅੰਸੀ ਅਸਲੋਂ ਤੋਂ ਬੇ ਸੁਝਾਂ ਮੂੜ ਮਤੀ ਚਤਰ ਕਹਾਵਣ ਵਾਲੇ ਪੰਡਿਤਾਂ ਫਿਲਾਸਫਰਾ ਨੂੰ ਸੁਮੱਤੇ ਲਾਉਣ ਲਈ ਅਤੇ ਉਹਨਾਂ ਦੀ ਸੋਧਨਾ ਪਰਬੋਧਨਾ ਕਰਨ ਲਈ ਸਚੇ ਪਾਤਸ਼ਾਹ ਸਤਿਗੁਰੂ ਸਾਹਿਬ ਜੀ ਅਸਲ ਉਤਰ ਤੋਂ ਨਿਰਉਤਰ ਦੇਖ ਕੇ ਉਨ੍ਹਾਂ ਵੇਦਾਚਾਰੀ ਵਿਦਵਾਨਾਂ ਨੂੰ ਇਉਂ ਉਤਰ ਦਿੰਦੇ ਹਨ ਕਿ ਕਰਤੇ ਪੁਰਖ ਸਰਬ ਸ੍ਰਿਸਟੀ ਦੇ ਸਾਜਨਹਾਰੇ ਨੇ ਹੀ ਇਸ ਮਨ ਦੀ ਸਾਜਨਾ ਸਾਜੀ ਹੈ। ਮਨ ਦੀ ਸਾਜਨਾ ਮਈ ਸ੍ਰਿਸ਼ਤ (ਸਭਾ) ਵਿਚਿ ਪੰਜ ਤਤਾਂ ਦੀ ਰਚਨਾ ਕੀਤੀ ਗਈ ਹੈ। ਇਹ ਮਨ ਪੰਜ ਤਤ ਕਾ ਜੀਓ ਆਪਣੇ ਅਸਲੇ ਤੋਂ ਹੀ ਰਚਿਆ ਗਿਆ। ਸੋ ਕਰਤੇ ਪੁਰਖ ਨੇ ਹੀ ਮਾਇਆ ਮਮਤਾ ਦੀ ਗੁਪਤ ਅੰਸ਼ ਇਸ ਮਨ ਦੇ ਅਸਲੇ ਅੰਦਰਿ ਧਾਤ ਅਸਲੇ ਅੰਦਰਿ ਮਉਜੂਦ ਰਖੀ ਹੈ। ਜੈਸੇ ਅਸਲੇ ਅੰਦਰਿ ਫਲ ਰੂਪੀ ਸਾਰੇ ਅੰਸ ਗੁਪਤ ਲੁਪਤੀ ਮਉਜੂਦਤਾ ਰਖਦੇ ਹਨ। ਤਿਨਾ ਗੁਣਾਂ ਦੇ ਪਰਬਲ ਆਸਰੇ ਹੇਠਾ ਇਹ ਮਨੁ ਲਹਾਉ ਚੜਾਉ ਵਿਚਿ ਪੈ ਕੇ ਕਦੀ ਮਮਤਾ ਮਾਤਾ ਹੋਇਆ ਚੰਚਲ ਹੋ ਜਾਂਦਾ ਹੈ। ਅਹੰਮਤ ਕਰਮ ਕਮਾਉਣ ਕਰ ਕੇ ਇਹ ਮਮਤਾ ਹੋਰ ਭੀ ਵਧੇਰੇ ਵਧ ਜਾਂਦੀ



www.AKJ.Org

ਹੈ। ਕਦੀ ਕਰਤੇ ਪੁਰਖ ਦੀ ਹੁਕਮ ਰਜਾਈ ਨੇਤ ਅੰਦਰਿ ਇਸ ਤੇ ਜਦੋਂ ਨਦਰਿ ਹੋ ਜਾਂਦੀ ਹੈ ਤਾਂ ਇਹ ਮਨੂਆ ਸਿਫਤ ਸਾਲਾਹੀ ਸਚੇ ਸੁਕ੍ਰਿਤ ਕਰਮ ਵਿਚਿ ਲਗ ਕੇ ਮਾਇਆ ਮਮਤਾ ਤੋਂ ਉੱਕਾ ਹੀ ਨਿਰਲੇਪ ਹੋ ਜਾਂਦਾ ਹੈ ਅਤੇ ਉਚੀ ਸੁਰਤਿ ਵਿਚਿ ਬਿਚਰਦਾ ਹੈ। ਮਨ ਦੇ ਆਪਣੇ ਵਸਿ ਕੁਛ ਨਹੀਂ ਕਰਤੇ ਪੁਰਖ ਦੇ ਹੁਕਮ ਅਨੁਸਾਰ ਇਸ ਦੀ ਬਣਾਵਟ ਰਚਨਾ ਹੀ ਐਸੀ ਹੋਈ ਹੈ ਕਿ ਜਿਸ ਅੰਦਰਿ ਅਸਲੇ ਮਾਤਰ ਹੀ ਮਾਇਆ ਦੀ ਅੰਸ ਮਉਜੂਦ ਹੈ। ਵਰਤਨ ਵਾਲੇ ਮਾਨੁਖ ਕਰਮ ਕਰਨਹਾਰੇ ਪ੍ਰਾਨੀ ਦੇ ਕਰਤਬਾਂ ਦੀ ਵਧਾਈ ਹੋਈ ਵਧ ਜਾਂਦੀ ਹੈ ਅਤੇ ਘਟਾਈ ਹੋਈ ਘਟ ਜਾਂਦੀ ਹੈ। ਇਸ ਅੰਸ ਅੰਕੁਰੀ ਕਰਮ ਸ਼ਗੂਫਰੀ ਸਿਟੇ ਦਾ ਫਲ ਕਰਤੇ ਪੁਰਖ ਦੇ ਹਥਿ ਹੈ। ਮਨ ਦੇ ਵਸਿ ਆਪੋਂ ਆਪਣੇ ਕਰਮਾਂ ਦਾ ਫਲ ਚਖਣ ਦੀ ਸਮਰਥਾ ਨਹੀਂ। ਪਰ ਮਿਲਦਾ ਸਭ ਕੁਛ ਇਸਦੇ ਕਰਮਾਂ ਅਨੁਸਾਰ ਹੀ ਹੈ ਪਰ ਫਲ ਦੇਣਹਾਰ ਦਾਤਾਰ ਵਾਹਿਗੁਰੂ ਆਪ ਹੈ। ਕਰਤੇ ਪੁਰਖ ਨੇ ਆਪਣੀ ਰਚਨਾ ਦਾ ਖੇਲ ਹੀ ਐਸਾ ਰਚਾਇਆ ਹੈ, ਮਨ ਦਾ ਅਸਲਾ ਹੀ ਐਸਾ ਬਣਾਇਆ ਹੈ ਕਿ ਜੋ ਇਸਦੇ ਅਧੀਨ ਹੋ ਜਾਂਦੇ ਹਨ ਜੋ ਪ੍ਰਾਨੀ ਇਸਦੇ ਅਧੀਨ ਹੋ ਕੇ ਮਮਤਾ ਗ੍ਰਸਤ ਹੋ ਕੇ ਕਰਮ ਕਮਾਉਂਦੇ ਹਨ, ਉਹ ਚੁਰਾਸੀ ਦੇ ਗੇੜ ਵਿਚਿ ਪੈ ਜਾਂਦੇ ਹਨ। ਜੋ ਇਸ ਉਤੇ ਹਾਵੀ ਹੋਂਵਦੇ ਹਨ ਸੋ ਉਚ ਸੁਰਤੀ ਵਾਲੇ ਬ੍ਰਹਮਨੇਸ਼ਟੀ ਤਤ ਗਿਆਨੀ ਹੋ ਜਾਂਦੇ ਹਨ। ਇਸ ਗੋਝ ਭੇਦ ਵਾਲੀ ਗਲ ਨੂੰ ਗੁਰਪ੍ਰਸਾਦੀ ਹੀ ਬੁਝਿਆ ਜਾ ਸਕਦਾ ਹੈ। ਮਨ ਦੀ ਬਣਤਰ ਦਾ ਅਸਲ ਤਤ ਗਿਆਨ ਭੇਦ ਓਸੇ ਵਡਿਭਾਗੇ ਪੁਰਸ਼ ਨੂੰ ਹੀ ਆਇਆ ਹੈ ਜੋ ਸਤਿਗੁਰੂ ਦੀ ਦੀਖਿਆ ਦਾ ਪ੍ਰਸਾਦਿ ਲੈ ਕੇ ਉਸ ਨੂੰ ਭਲੀ ਭਾਂਤੇ ਭੁੰਚਦੇ ਸੁੰਚਦੇ ਹਨ। ਇਸ ਭੁਚਣ ਸੁੰਚਨ ਦਾ ਜਦੋਂ ਤਤ ਜੋਤਿ ਪਰਮ ਅੰਤਰ ਆਤਮੇ ਪ੍ਰਕਾਸ਼ਤ ਹੋ ਜਾਂਦਾ ਹੈ ਤਦੋਂ ਅਗੰਮ ਗਿਆਨ ਦੀ ਸੋਝੀ ਆਉਂਦੀ ਅਤੇ ਸਾਰੀਆਂ ਗੁੰਝਲਾ ਖੁਲ ਜਾਦੀਆਂ ਹਨ। ਜਿਨ੍ਹਾਂ ਸੁਰਤਿਆਂ ਦੀ ਸੁਰਤੀ ਉਚੇ ਮੰਡਲਾਂ ਵਿਚਿ ਗੁਰੂ ਦੀ ਕਿਰਪਾ ਨਾਲਿ ਜਾ ਚੜ੍ਹਦੀ ਹੈ ਸੋ ਜਨ ਸਦਾ ਹੀ ਹਰਦੰਮ ਹੀ ਵਾਹਿਗੁਰੂ ਦੇ ਚਰਨਾਂ ਵਿਚਿ ਹੀ ਵਾਸਾ ਰਖਦੇ ਹੋਏ ਵਾਹਿਗੁਰੂ ਨੂੰ ਸਾਂਗੋ ਪਾਂਗ ਵੇਖਦੇ ਹਨ। ਤਿਨ੍ਹਾਂ ਨੂੰ ਹੀ ਮਨ ਪ੍ਰਥਾਇ ਤਤ ਅਮੁਲੇ ਅਸੂਲ ਦਾ ਪਤਾ ਲਗਦਾ ਹੈ ਨਹੀਂ ਤਾਂ ਮਨ ਦੀਆਂ ਫਲਾਸਫੀਆਂ ਵਾਲੇ ਕਰੋੜਾਂ ਹੀ ਟਕਰਾਂ ਮਾਰਦੇ ਫਿਰਦੇ ਹਨ।

ਮਨ ਦਾ ਜੋਤਿ ਸਰੂਪੀ ਮੂਲ ਸਮਝਣ ਵਾਲੇ ਤਤ ਗੁਰਮਤਿ ਗਿਆਨੀ ਗੁਰਮੁਖ ਜਨ ਹੀ ਇਸ ਭੇਦ ਦੇ ਅਸਲ ਹਲ ਤੋਂ ਸੰਤੁਸਟਤ ਹਨ। ਨਹੀਂ ਤਾ ਸਭ ਭੰਬਲ ਭੂਸੇ ਖਾਂਦੇ ਹਨ।

ਗੁਰਮਤਿ ਤੋਂ ਊਰੀ ਕਰਨੀ ਤੇ ਮਾਣ ਕਰਨਾ ਮਹਾਂ ਮੂਰਖਤਾ ਹੈ। ਸਿਫਤ ਸਾਲਾਹ ਤੋਂ ਸਖਣੀ ਵਡੀ ਤੋਂ ਵਡੀ ਕਰਨੀ ਵਾਲੇ ਜਗਤ ਪ੍ਰਸਿਧ ਵਡੀਰੇ ਲੋਗ ਸਦਾ ਭੁਲਦੇ ਆਏ ਹਨ। ਓਹਨਾਂ ਨੂੰ ਪਿਛਲੇ ਅਹੰਮਤ ਕਰਮਾਂ ਦੀ ਕਰਨੀ ਦਾ ਫਲ ਇਹ ਮਿਲਦਾ ਆਇਆ ਹੈ ਕਿ ਅਗਲੇ ਜਨਮ ਵਿਚ ਉਹ ਅਵੱਸ ਉਹ ਕਰਮ ਕਰ ਬੈਠਦੇ ਹਨ ਜੋ ਦਰਅਸਲ ਬਿਬਰਜਤ ਕਰਮ ਹੁੰਦੇ ਹਨ। ਜਿਨ੍ਹਾਂ ਤੋਂ ਉਹਨਾਂ ਨੂੰ ਹੋੜਿਆ ਭੀ ਗਿਆ ਹੁੰਦਾ ਹੈ, ਓਹ ਲੋਗ ਭਾਵੀ ਦੇ ਭੁੰਚਲਾਏ ਹੋਏ ਓਹੀ ਕਰਮ ਕਰਨੋਂ ਨਹੀਂ ਰੁਕਦੇ। ਦਰਅਸਲ ਐਸੇ ਅਨਰੁਕੇ ਰੁਕਾਏ ਹੋ ਕੇ ਨਾ ਕਰਨ ਯੋਗ ਕਰਮ ਓਹਨਾਂ ਤੋਂ ਸਜ਼ਾ ਦੇ ਤੌਰ ਪਰ ਕਰਾਏ ਜਾਂਦੇ ਹਨ। ਵਡੇ ਵਡੇ ਧਰਮੱਗ ਸਦਾਉਣ ਵਾਲੇ ਲੋਗ ਭੀ ਭੁਲਦੇ ਆਏ ਹਨ। ਅਤੇ ਸਜ਼ਾਏ ਗਏ ਹਨ। ਕਿਸੇ ਨੂੰ ਆਪਣੇ ਨਿਜ ਕਰਮਾਂ ਉਤੇ ਮਾਨ ਨਹੀ ਕਰਨਾ ਚਾਹੀਦਾ ਕਰਨਹਾਰ ਕਰਤਾਰ ਸਮਰਥ ਸਿਰਜਨਹਾਰ ਉਤੇ ਹੀ ਸਾਰੀ ਡੋਰੀ ਛਡ ਦੇਣੀ ਚਾਹੀਦੀ ਹੈ। ਉਹੀ ਸਭ ਕੁਛ ਕਰਦਾ ਕਰਾਉਂਦਾ ਹੈ। ਬਸ, "ਕਰੇ ਕਰਾਏ ਆਪਿ ਪ੍ਰਭੂ" ਦੇ ਪ੍ਰਸ਼ਣ ਪ੍ਰਥਾਇ ਇਹ ਉਤਰ ਦਾ ਗੁਰਪ੍ਰਮਾਣ ਦੇ ਕੇ ਅਤੇ ਵਿਆਖਤ ਕਰ ਕੇ ਅਸੀ ਇਸ ਪਰਕਰਣ ਦੀ ਸਮਾਪਤੀ ਕਰਦੇ ਹਾਂ:-

"ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥੧॥ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥ ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥ ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥੨॥ ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥ ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥੩॥ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥ਤਿਨਿ ਕਰਿ ਜਗ ਅਠਾਰਹ ਘਾਏ ਕਿਰਤ ਨ ਚਲੈ ਚਲਾਇਆ॥੪॥ ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥ਜੋ ਕਿਛੁ ਵਰਤੈ ਤੁਧੈ ਸਲਾਂਹੀ ਸਭ ਤੇਰੀ ਵਡਿਆਈ ॥੫ ॥ ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥ ੬॥ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥ ਹਰਿ ਅਭਿਮਾਨ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥੭॥ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪ੍ਰਸਾਦਿ ਅਘੁਲੈ॥੮॥੪॥

(ਪੰਨਾ ੧੩੪੪ ਪ੍ਰਭਾਤੀ ਮ: ੧)



www.AKJ.Org

ਪੂਰਬਲੇ ਕਰਮਾਂ ਦੀ ਗਤੀ ਵਾਲੀ ਭਾਵੀ ਟਲਦੀ ਨਹੀਂ ਉਹ ਅਵੱਸ਼ ਹੋ ਕੇ ਰਹਿੰਦੀ ਹੈ। ਉਕਤ ਭਾਵੀ ਅਧੀਨੜੇ ਕਰਮ ਹੋ ਕੇ ਰਹਿੰਦੇ ਹਨ। ਟਲਦੇ ਨਹੀਂ। ਕਦਾਚਿਤ ਟਲਦੇ ਨਹੀਂ, ਭੁਗਤਣੇ ਪੈਂਦੇ ਹਨ ਕਰਮਾਂ ਦੇ ਰੂਪ ਵਿਚਿ ਭੁਗਤਣੇ ਪੈਂਦੇ ਹਨ। ਉਕਤ ਕਰਮ ਸਜ਼ਾ ਰੂਪ ਵਿਚਿ ਹੁੰਦੇ ਹਨ। ਭਾਵੀ ਦਾ ਭੁਲਾਇਆ ਹੋਇਆ ਵਡੀ ਤੋਂ ਵਡੀ ਮਤਿ ਬੁਧਿ ਚਤਰਾਈ ਵਾਲਾ ਪੁਰਸ਼ ਭੀ ਓਹ ਕਰਮ ਕਰਿ ਬੈਠਦਾ ਹੈ ਜੋ ਅਨੁਚਿਤ ਹੋਣ। ਭਾਵੀ ਭੁਗਤਾਉਣ ਦੀ ਨਥਿ ਕਰਤੇ ਹਥਿ ਹੁੰਦੀ ਹੈ। ਉਪਰਲੇ ਗੁਰਵਾਕ ਅੰਦਿਰ ਆਏ ਉਚਾਰਨ ਹੋਏ ਦ੍ਰਿਸ਼ਟਾਂਤ ਏਸੇ ਭਾਵੀ ਭੁਲਣੇ ਭਾਵ ਦੇ ਸਾਖੀ ਹਨ। ਗੋਤਮ ਰਿਖੀ ਆਪਣੇ ਵਕਤ ਦੇ ਪਰਸਿਧ ਮਹਾਤਮਾ ਹੋਏ ਹਨ। ਉਸ ਮਹਾਤਮਾ ਨੂੰ ਆਪਣੀ ਮਹਾਤਮਤਾਈ ਦਾ ਅਤੇ ਆਪਣੀ ਇਸਤਰੀ ਦੇ ਸਤਿਬ੍ਰਤ ਹੋਣ ਦਾ ਬੜਾ ਹੀ ਮਾਣ ਸੀ। ਪ੍ਰੰਤੂ ਵਰਤਣ ਹਾਰ ਭਾਵੀ ਅਨੁਸਾਰ ਇਹ ਭਾਣਾ ਵਰਤਿਆ ਕਿ ਉਸੇ ਵਕਤ ਦੇ ਇਕ ਹੋਰ ਪ੍ਰਸਿਧ ਰਾਜੇ ਇੰਦਰ ਦੀ ਮਤਿ ਮਾਰੀ ਗਈ, ਉਹ ਮਹਾਤਮਾ ਰਿਖੀਸਰ ਗੋਤਮ ਦੀ ਸਤਿਵੰਤੀ ਇਸਤਰੀ (ਨਾਰੀ) ਦੇ ਅਤਿ ਸੁੰਦਰ ਰੂਪ ਉਤੇ ਮੋਹਤ ਹੋ ਗਿਆ। ਰਿਖੀ ਗੋਤਮ ਦੀ ਬੁਧੀ ਭੀ ਐਸੀ ਫਿਰੀ ਕਿ ਉਹ ਅੱਧੀ ਰਾਤ ਨੂੰ ਬੇਵਕਤੇ ਹੀ ਦਰਿਆਏ ਤੇ ਇਸ਼ਨਾਨ ਕਰਨ ਲਈ ਟੁਰ ਗਿਆ। ਉਸ ਦੀ ਗੈਰਹਾਜ਼ਰੀ ਵਿਚਿ ਇੰਦਰ ਨੇ ਦਾਉ ਤਕਾ ਕੇ ਤੇ ਗੋਤਮ ਦਾ ਰੂਪ ਵਟਾ ਕੇ ਧੋਖੇ ਵਿਚਿ ਰਿਖੀ ਦੀ ਸਤਿਵੰਤੀ ਇਸਤਰੀ ਦਾ ਸਤ ਭੰਗ ਕਰਿ ਦਿਤਾ ਉਸ ਨਾਲਿ ਸੰਗ ਕਰ ਕੇ। ਭਰਮ ਭੁਲਾਇਆ ਹੋਇਆ ਕੁਵਖਤੇ ਜਗਾਇਆ ਹੋਇਆ ਰਿਖੀ ਭਾਣੇ ਅੰਦਰਿ ਮੁੜਿ ਮੌਕੇ ਤੇ ਹੀ ਆ ਗਿਆ ਅਤੇ ਕੁਸੰਗ ਹੁੰਦਾ ਆਪਣੀ ਇਸਤਰੀ ਦਾ ਸਤ ਭੰਗ ਹੁੰਦਾ ਆਪਣੇ ਅੱਖੀਂ ਹੀ ਉਸ ਨੇ ਦੇਖਿ ਲਿਆ। ਗੋਤਮ ਰਿਖੀ ਨੇ ਕਰੋਧ ਵਿਚ ਆ ਕੇ ਇੰਦਰ ਨੂੰ ਸਰਾਫ ਦੇ ਦਿਤਾ ਕਿ ਜਿਸ ਭਗ ਇੰਦਰੇ ਵਿਸ਼ੇ ਕਾਰਣ ਤੂੰ ਕਾਮ-ਆਤੁਰੇ ਹੋ ਕੇ ਪ੍ਰਤਿਰਿਆ ਗਮਨ ਕੀਤਾ ਹੈ ਅਤੇ ਪਤਿਬ੍ਰਤਾ ਦਾ ਸਤ ਭੰਗ ਕੀਤਾ ਹੈ, ਜਾਹ ਤੇਰੇ ਸਰੀਰ ਉਤੇ ਹਜ਼ਾਰ ਚਿਹਨ (ਚਿੰਨ੍ਹ) ਭਗ ਦੇ ਹੋ ਜਾਣ। ਹਜ਼ਾਰ ਭਗਾਂ ਤੇ ਚਿੰਨ੍ਹ ਇੰਦਰ ਦੇ ਸਾਰੇ ਸਰੀਰ ਤੇ ਹੋ ਗਏ। ਅੱਤ ਲੱਜਤ ਹੋ ਕੇ ਪਤਾਲ ਵਿਚਿ ਜਾ ਲੁਕਿਆ। ਬੱਜਰ ਪਾਪ ਦੇ ਪਸਚਾਤਾਪ ਕਰ ਕੇ ਪ੍ਰਾਸਚਿਤ ਵਿਚਿ ਇੰਦਰ ਨੇ ਫੇਰ ਬੜਾ ਉੱਗਰ ਤਪ ਕੀਤਾ। ਜਿਸ ਕਰ ਕੇ ਨਿਸ਼ਾਨ ਮਿਟੇ ਤਾਂ ਨਾ, ਪਰ ਹਜ਼ਾਰ ਭਗਾਂ ਦੇ ਥਾਉਂ ਹਜ਼ਾਰ ਨੇਤ੍ਰਾਂ ਦੇ ਨਿਸ਼ਾਨ ਉਸਦੇ ਸਰੀਰ ਤੇ ਹੋ ਗਏ। ਏਸੇ ਕਾਮਨਾ ਨੂੰ ਲੈ ਕੇ ਉਹ ਤਪ ਕਰਨ ਲਗਾ ਸੀ। ਹਜ਼ਾਰ ਭਗਾਂ ਦੀ ਸ਼ਰਮ ਤਾਂ ਲਥੀ, ਹਜ਼ਾਰ ਨੇਤ੍ਰਾਂ ਵਾਲਾ ਹੋ ਕੇ ਫੇਰ ਲੁਕਿਆ ਹੋਇਆ ਬਾਹਰ ਲੋਕਾਂ ਦੇ ਸਾਹਮਣੇ ਆਇਆ। ਮਨ ਵਿਚਿ ਬਥੇਰਾ ਪਛਤਾਇਆ ਕਿ ਮੈਂ ਕੀ ਕਰ ਬੈਠਾ ਪਰ ਭਾਵੀ ਮਿਟਦੀ ਨਹੀਂ। ਪਿਛਲੇਂ ਕਰਮਾਂ ਦੀ ਗਤੀ ਟਲਦੀ ਨਹੀਂ। ਪਛਤਾਇਆਂ ਕੀ ਬਣਦਾ ਹੈ। ਕਰਮ ਕਰਤੂਤੀ ਸਜ਼ਾ ਮਿਲ ਕੇ ਹੀ ਰਹੀ। ਉਸ ਨੂੰ ਸਜ਼ਾ ਭੀ ਅਵੱਸ਼ ਮਿਲਣੀ ਸੀ ਤੇ ਇਸ ਸਜ਼ਾ ਵਾਲੇ ਕਰਮ ਭੀ ਉਸ ਤੋਂ ਅਵਸ਼ ਕਰਾਉਣੇ ਸੀ। ਪਿਛਲੇ ਕਰਮਾਂ ਦੀ ਗਤੀ ਗਤਾਉਣ ਲਈ ਉਸਦੀ ਮਤ ਮਾਰੀ ਗਈ, ਭੁਲ ਗਿਆ, ਭੁਲ ਗਿਆ। ਕਰਮਾਂ ਦਾ ਮਾਰਿਆ ਕਰਮਾਂ ਦਾ ਭੁਲਾਇਆ ਹੋਇਆ ਹੀ ਭੁਲਿਆ। ਇਸ ਸਜ਼ਾ ਦਿਵਾਊ ਭੁਲਾਉਣੀ ਵਾਲੇ ਕਰਮ ਨਿਆਇਕਾਰੀ ਕਰਨਹਾਰ ਕਰਤਾਰ ਨੇ ਉਸ ਤੋਂ ਆਪਿ ਕਰਾਏ। ਉਸ ਨੂੰ ਡੰਨ ਦੇਣ ਲਈ ਅਤੇ ਗੋਤਮ ਦਾ ਮਾਨ ਤੋੜਨ ਲਈ, ਉਸ ਨੂੰ ਹੀ ਆਪਣੀ ਮਾਨਸਰੀ ਮਤੀ ਦਾ ਬੁਧੂ ਬਣਾ ਕੇ ਹੀ ਠਗਿਆ ਤੇ ਉਸਦਾ ਮਾਨ ਤੋੜ ਕੇ ਛਡਿਆ। ਐਨਾ ਚਤਰ ਸਿਆਣਾ ਹੋ ਕੇ ਓਹ ਕਦ ਆਪੇ ਜਾਣ ਕੇ ਭੁਲਦਾ ਸੀ। ਉਸ ਦੀ ਮਤਿ ਮਾਰ ਦਿਤੀ ਗਈ ਅਤੇ ਸਿਆਣੇ ਹੁੰਦੇ ਦੀ ਮਤਿ ਇਉਂ ਬੇਤਾਲੀ ਗਈ। ਭਾਵੀ ਦੇ ਧਕੇ ਹੋਏ ਅਤੇ ਭਾਣੇ ਅੰਦਰਿ ਭ੍ਰਮਿ ਭੁਲਾਏ ਹੋਏ ਪ੍ਰਿਥਵੀ ਦੇ ਮਾਲਕ ਰਾਜੇ ਹਰੀਸ਼ ਚੰਦਰ ਨੇ ਇਕ ਕੋਰੇ ਕਾਗਦ ਜਿੰਨੀ ਫੁਟੀ ਕਉਡੀ ਜਿੰਨੀ ਕੀਮਤ ਨਾ ਪਾਈ। ਜੇ ਉਸ ਨੂੰ ਪਤਾ ਹੁੰਦਾ ਕਿ ਪੁੰਨ ਦਾਨ ਕੀਤੇ ਉਸ ਨੂੰ ਉਲਟੇ ਪੈਣੇ ਹਨ, ਗੁਣ ਕੀਤੇ ਹੋਏ ਅਉਗਣ ਬਣ ਜਾਣੇ ਹਨ ਤਾਂ ਉਹ ਪੁੰਨ ਦਾਨ ਕਿਉਂ ਕਰਦਾ। ਪੁੰਨ ਦਾਨ ਤਾਂ ਉਸ ਨੇ ਆਪਣੇ ਭਲੇ ਲਈ ਕੀਤੇ ਸਨ ਪਰ ਫਲੇ ਨਹੀਂ। ਕਿਸੇ ਦਾ ਕੀਤਾ ਕੁਛ ਨਹੀਂ ਹੋ ਸਕਦਾ। ਜੋ ਕਰਤਾਰ ਨੂੰ ਭਾਵੇ ਸੋਈ ਪੁੰਨ ਕਰਮ ਸਫਲ ਫਲਦਾ ਹੈ। ਭਾਣੇ ਦੀ ਲਿਖਤਕਾਰ ਖੇਡ ਐਸੀ ਹੀ ਲਿਖੀ ਹੋਈ ਸੀ ਕਿ ਪੁੰਨ ਕਰਮ ਕੀਤੇ ਦੀ ਕਾਰ ਉਸ ਨੂੰ ਉਲਟੀ ਹੀ ਪੈਣੀ ਹੈ। ਐਡਾ ਪ੍ਰਿਥੀ ਪਤਿ ਰਾਜਾ ਹੁੰਦਾ ਹੋਇਆ ਉਹ ਦਾਨਿਆਂ ਦੇ ਭਾ ਮੰਡੀ ਵਿਚਿ ਬਿਕਿਆ। ਅਤੇ ਬੜੇ ਸਸਤੇ ਭਾ ਬਿਕਿਆ ਚੰਡਾਲਾਂ ਦੇ ਹਥਿ ਚੰਡਾਲ ਕਰਮ ਕਰਨ ਲਈ ਬਿਕਿਆ। ਅਤੇ ਚੰਡਾਲ ਕਰਮ ਉਸ ਨੂੰ ਕਰਨੇ ਪਏ। ਜੇ ਰਾਜਿਓ ਚੰਡਾਲ ਬਣ ਜਾਣ ਦੀ ਖੇਡ ਦੇ ਭਾਣੇ ਦੀ ਉਸ ਨੂੰ ਖਬਰ ਹੁੰਦੀ ਯਾ ਉਸ ਦੇ ਆਪਣੇ ਹਥਿ (ਵਸਿ) ਦੀ ਖੇਡ ਹੁੰਦੀ ਤਾਂ ਉਹ ਕਿਉਂ ਮੰਡੀ ਵਿਚ ਬਿਕਦਾ। ਪਰ ਮੰਡੀ ਵਿਚਿ ਚੰਡਾਲਾਂ ਦੇ ਘਰਿ ਵਿਕਣਾ ਅਤੇ ਚੰਡਾਲ ਦੀ ਕਿਰਤ ਕਰਮੀ ਲਬੇੜ ਵਿਚਿ ਲਿਬੜਨਾ ਉਸ ਦੇ ਪੂਰਬਲੇ ਕਰਮਾਂ ਦੀ ਧੁਰਿ ਮਸਤਿਕ ਲਿਖੀ ਲਿਖਤ ਵਿਚ ਪਹਿਲੇ ਹੀ ਲਿਖਿਆ ਹੋਇਆ ਸੀ ਉਸ ਨੂੰ ਕਉਣ ਮੇਟ ਸਕਦਾ।

"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ"(੯੩੭)



www.AKJ.Org

ਸਤਿਗੁਰੂ ਤਾਂ ਸਮਰੱਥ ਹੈ ਕਿ ਸੂਲੀ ਦੀ ਸਜ਼ਾ ਸੂਲ ਵਿਚਿ ਭੁਗਤਾ ਦੇਵੇ। ਪਰ ਲਿਖੇ ਲੇਖ ਦੀ ਰੇਖ ਉਕੀ ਹੀ ਮਿਟਦੀ ਨਹੀਂ। ਵੰਨਗੀ ਮਾਤਰ ਉਸ ਦਾ ਪਾਹ ਲਗ ਹੀ ਜਾਂਦਾ ਹੈ। ਸਤਿਗੁਰੂ ਸਾਰੀ ਉਮਰ ਵਿਚ ਭੁਗਤਣ ਵਾਲਾ ਕੁਲੇਖ ਇਕ ਸੁਪਨ ਚਮਤਕਾਰ ਵਿਚਿ ਹੀ ਭੁਗਤਾ ਦਿੰਦਾ ਹੈ। ਜੈਸੇ ਕਿ ਗੁਰੂ ਸਚੇ ਪਾਤਸ਼ਾਹ ਨੇ ਕਈਆਂ ਦਾ ਭੁਗਤਾਇਆ। ਚੰਡਾਲਾਂ ਚੂਹੜਿਆਂ ਦੇ ਘਰ ਜਨਮ ਲੈ ਕੇ ਸਾਰੀ ਉਮਰ ਚੂਹੜਿਆਂ ਚੰਡਾਲਾਂ ਦੇ ਘਰਿ ਵਿਤਾਉਣ ਕਾਲਾ ਲੇਖ ਇਕ ਚਮਤਕਾਰ ਮਾਤਰ ਵਿਚਿ ਪ੍ਰਤੱਖਤਾ ਦਾ ਸਬੂਤ ਦੇ ਕੇ ਕਟਿ ਦਿਤਾ। ਬਿਲਮ ਨਹੀਂ ਲਗੀ। ਅਲਪੱਗ ਬੰਦੇ ਦੇ ਵਸਿ ਕੁਛ ਨਹੀਂ ਕਿ ਆਪਣੇ ਕੀਤੇ ਦੀ ਮੇਟਣੀ ਮੇਟ ਸਕੇ। ਏਥੇ ਕੇ ਵਲ ਗੁਰੂ ਕਰਤਾਰ ਦਾ ਹੀ ਵਸੀਕਾਰ ਹੈ।

ਬਲ, ਰਾਜਾ ਬੜਾ ਦਾਨੀ ਰਾਜਾ ਹੋਇਆ ਹੈ। ਉਸ ਤੋਂ ਵਿਸ਼ਨੂੰ ਨੇ ਬਾਵਨ ਅਵਤਾਰ ਬਣ ਕੇ ਬਉਣੇ ਦਾ ਰੂਪ ਧਾਰ ਕੇ ਸਿਰਫ ਢਾਈ ਕਰਮਾਂ ਧਰਤੀ ਦਾ ਦਾਨ ਮੰਗਿਆ। ਬਲ ਰਾਜੇ ਨੇ ਤਿੜ ਕੇ (ਬਫਾ ਕੇ) ਦੇ ਦਿਤਾ। ਵਿਸ਼ਨੂੰ ਨੇ ਤਾਂ ਬਾਵਨ (ਬਉਣੇ) ਦਾ ਰੂਪ ਧਾਰ ਕੇ ਬਲ ਰਾਜੇ ਨੂੰ ਛਲਣ ਦਾ (ਛਲ ਲੈਣ ਦਾ) ਬਹਾਨਾ ਹੀ ਬਣਾਇਆ ਸੀ। ਬਲ ਦੇ ਦਾਨ ਦੇਣ ਦਾ ਬਚਨ ਮਿਲਣ ਸਾਰ ਬਾਵਨ ਅਵਤਾਰ ਨੇ ਬੈਰਾਟ ਰੂਪ ਧਾਰ ਕੇ ਬੜੇ ਤੋਂ ਬੜਾ ਅੱਤ ਵੱਡਾ ਵਿਸਥਾਰ ਦਾ ਕੱਦ ਆਪਣਾ ਬਣਾ ਲਿਆ। ਦੋਹਿ ਕਰਮਾਂ ਵਿਚਿ ਤਾਂ ਧਰਤੀ ਅਸਮਾਨ ਦੋਨੋਂ ਮਿਣ ਲਏ ਅਤੇ ਬਾਕੀ ਰਹਿੰਦੀ ਅਧੀ ਕਰਮ ਵਿਚ ਬਲ ਦਾ ਸਰੀਰ ਮਾਪ ਲਿਆ। ਜੇ ਕਰ ਬਲ ਰਾਜਾ ਹਰੀ ਦੇ ਬਾਵਨ ਰੂਪੀ ਛਲੀਏ ਸਰੂਪ ਨੂੰ ਪਛਾਣ ਲੈਂਦਾ ਤਾਂ ਕਿਉਂ ਛਲਿਆ ਜਾਂਦਾ ? ਤਾਂ ਕਿਉਂ ਉਸ ਨੂੰ ਪਤਾਲ ਜਾਣਾ ਪੈਂਦਾ।

ਰਾਜੇ ਜਨਮੇਜੇ ਨੂੰ ਉਸ ਦੇ ਜੋਤਿਸ਼ ਨਿਪੁੰਨ ਵਿਦਿਆ ਗੁਰੂ ਬਿਆਸ ਨੇ ਬਥੇਰੀਆਂ ਮਤਾਂ ਦੇ ਕੇ ਪੜ੍ਹਾਇਆ ਅਤੇ ਉਸਨੂੰ ਬਥੇਰਾ ਬਰਜਿਆ ਕਿ ਤੂੰ ਫਲਾਨੇ ਫਲਾਨੇ ਮੌਕੇ ਘੋੜੇ ਤੇ ਨ ਚੜ੍ਹੀਂ ਜੇ ਚੜ੍ਹਿਆ ਭੀ ਤਾਂ ਫਲਾਨੀ ਅਪਛਰਾਂ ਦੇ ਵੇਹੜੇ ਨਾ ਵੜੀਂ। ਜੇ ਉਸਦੇ ਵੇਹੜੇ ਜਾ ਵੜਿਆ ਤਾਂ ਉਸ ਅਪਛਰਾਂ ਨੂੰ ਵਿਆਹ ਕੇ ਆਪਣੇ ਘਰਿ ਨਾ ਲਿਆਵੀਂ। ਘਰਿ ਲੈ ਭੀ ਆਇਆ ਤਾਂ ਉਸ ਅਪਛਰਾਂ ਦੇ ਆਖੇ ਨਾ ਲਗੀਂ, ਨਹੀਂ ਤਾਂ ਤੈਨੂੰ ਰਸਾਤਲ ਵਿਚਿ ਜਾ ਸੁਟੇਗੀ। ਬਥੇਰਾ ਇਸ ਪ੍ਰਕਾਰ ਮੱਤਾਂ ਦੇ ਦੇ ਕੇ ਬਿਆਸ ਨੇ ਰਾਜੇ ਜਨਮੇਜੇ ਨੂੰ ਸਮਝਾਇਆ। ਪਰ ਭਾਵੀ ਮਿਟਦੀ ਨਹੀਂ, ਐਨ ਮੌਕੇ ਸਿਰ ਜਨਮੇਜੇ ਦੀ ਮਤ ਮਾਰੀ ਗਈ। ਉਸ ਨੇ ਸਭ ਕੁਛ ਕੀਤਾ, ਜਿਸ ਤੋਂ ਉਸਨੂੰ ਬਰਜਿਆ ਗਿਆ ਸੀ। ਅਪਛਰਾਂ ਦੀ ਪ੍ਰੇਰਨਾ ਨਾਲਿ ਰਾਜੇ ਨੇ ਯਗ ਰਚਿਆ ਅਤੇ ਅਠਾਰਾਂ ਬ੍ਰਾਹਮਣ ਬੁਲਾਏ। ਰਾਣੀ ਬਰੀਕ (ਪਤਲੇ ਕਪੜੇ ਪਹਿਨ ਕੇ ਆਈ ਜਿਸ ਨੂੰ ਵੇਖ ਕੇ ਬ੍ਰਾਹਮਣ ਹਸ ਪਏ।) ਰਾਜੇ ਨੇ ਕ੍ਰੋਧ ਵਿਚਿ ਆ ਕੇ ਅਠਾਰਾਂ ਦੇ ਅਠਾਰਾਂ ਬ੍ਰਾਹਮਣ ਹੀ ਮਰਵਾ ਦਿਤੇ। ਜਿਸਤੋਂ ਉਸ ਨੂੰ ਕੋੜ੍ਹ ਦਾ ਰੋਗ ਹੋ ਗਿਆ। ਕਿਰਤ ਕਰੰਮੀ ਰੇਖ ਵਾਲਾ ਹੁਕਮੀ ਭਾਣਾ ਚਲਾਇਆ ਚਲਦਾ ਨਹੀਂ। ਟਾਲਿਆ ਟਲਦਾ ਨਹੀਂ, ਕਰਮਾਂ ਤੋਂ ਬਣੇ ਲੇਖ ਟਾਲੇ ਟਲਦੇ ਨਹੀਂ । ਹੁਕਮ ਦੀ ਕਾਰ ਵਿਚਿ ਸਹਸ ਸਿਆਣਪੀ ਗਿਣਤੀ ਮਿਣਤੀ ਪੁਜਦੀ ਨਹੀਂ।

ਗੁਰੂ ਨਾਨਕ ਸਾਹਿਬ ਸਹਜ ਸੁਭਾਇ ਬਚਨ ਫੁਰਮਾਨ ਉਚਾਰਦੇ ਹਨ ਕਿ ਅਕਾਲੀ ਹੁਕਮ ਨੂੰ ਪਛਾਣ ਕੇ ਸਤਿ ਸਤਿ ਕਰ ਕੇ ਮੰਨਣਾ ਹੀ ਗੁਰਮੁਖਤਾਈ ਵਾਲੀ ਹੁਕਮ ਰਜਾਈ ਮਤਿ ਸੁਮਤਿ ਹੈ। ਜੋ ਕੁਛ ਭੀ ਵਰਤਾਰਾ ਵਰਤੇ, ਹੁਕਮ ਰਜ਼ਾ ਵਾਲਾ ਤਿਸੈ ਵਿਚਿ ਹੀ ਰਾਜ਼ੀ ਰਹੇ। ਹੇ ਵਾਹਿਗੁਰੂ । ਸਭ ਤੇਰੀ ਹੀ ਵਡਿਆਈ ਹੈ। ਹਰਿ ਹਾਲਤ ਵਿਚਿ ਤੁਧ ਨੂੰ ਹੀ ਸਲਾਹੁੰਦਾ ਰਹਾਂ। ਗੁਰਮੁਖ ਜਨ ਤੇਰਾ ਭਾਣਾ ਮਿੱਠਾ ਕਰ ਕੇ ਮੰਨਦਾ ਹੋਇਆ ਹਰ ਹਾਲਤ ਵਿਚਿ ਦੁਖ ਸੁਖ ਹਰਖ ਸੋਗ ਤੋਂ ਅਤੀਤ ਨਿਰਲੇਪ ਰਹਿੰਦਾ ਹੈ। ਉਸ ਨੂੰ ਕਦੇ ਲੇਪ ਲਗਦਾ ਹੀ ਨਹੀਂ। ਸਦਾ ਹਸ ਵਿਗਸ ਕੇ ਹੁਕਮ ਰਜਾ ਦਾ ਅਨੁਸਾਰੀ ਹੋ ਕੇ ਹਰੰ ਦਮ ਸਿਮਰਨਾਈ ਵਾਲੀ ਏਹ ਅਤ ਅਨੂਪਮੀ ਆਤਮ ਅਵਸਥਾ ਹੈ। ਆਪ ਹੁਦਰਾ ਮਨਮੁਖ ਮੂਰਖ ਮੁਗਧ ਵੇਲੇ ਸਿਰ ਪਹਿਲਾਂ ਤਾਂ ਵਾਹਿਗੁਰੂ ਨੂੰ ਚੇਤਦਾ ਹੀ ਨਹੀਂ। ਵਖਤ ਪਏ ਤੇ ਜਦੋਂ ਦੁਖ ਲਗੇ ਦੀ ਸਜ਼ਾ ਭੁਗਤਣੀ ਪੈਂਦੀ ਹੈ, ਫੇਰ ਪਛੋਤਾਉਂਦਾ ਹੈ। ਪਰ ਫੇਰ ਪਛਤਾਏ ਕੀ ਬਣਦਾ ਹੈ। ਭਾਣੇ ਦੀ ਕਾਰ ਕਰਨ ਕਰਾਵਨਹਾਰ ਆਪੇ ਕਰਤਾ ਪੁਰਖ ਹੀ 'ਆਪੇ ਕਰੇ ਕਰਾਏ ਕਰਤਾ' ਹੈ। ਉਸਦੀ ਰਚੀ ਰਚਨਾ ਵਿਚਿ ਹੁਕਮ ਰਜਾਈ ਕਾਰ ਕਿਰਤ ਕਰੰਮੀ ਭੁਗਤਾਰ ਭੀ ਰਚਨਾ ਦਾ ਇਕ ਅੰਗ ਹੀ ਹੈ। ਗੁਰਮੁਖ ਜਨ ਸਦਾ ਰੰਗਾਂ ਵਿਚਿ ਰਹਿੰਦਾ ਹੋਇਆ ਰੰਚਕ ਭੀ ਆਪਾ ਨਹੀਂ ਜਣਾਉਂਦਾ। ਉਹ ਤਾਂ ਸਦਾ ਇਸ ਗੁਰਵਾਕ ਦਾ ਅਨੁਸਾਰੀ ਰਹਿੰਦਾ ਹੈ।

'ਮੇਰਾ ਕੀਆ ਕਛੂ ਨ ਹੋਇ। ਕਰਿ ਹੈ ਰਾਮੁ ਹੋਇ ਹੈ ਸੋਇ।।''

(ਭੈਰਉ ਨਾਮਦੇਉ ਜੀ ਪੰਨਾ ੧੧੬੫)

ਇਸ ਤੋਂ ਉਲਟ ਮਨਮੁਖ ਨੂੰ ਸਦਾ ਇਹੋ ਅਹੰਗਤਾ ਰੋਗ ਦਾ ਅਭਿਮਾਨ ਚਿਮੜਿਆ ਰਹਿੰਦਾ ਹੈ ਕਿ ਜੋ ਕੁਛ ਕਰਦਾ ਹਾਂ ਸੋ ਮੈਂ ਕਰਦਾ ਹਾਂ। ਚੰਗੇ ਕੰਮ ਕਰ ਕੇ ਅਭਿਮਾਨ ਵਿਚਿ ਪਇਆ ਸੜਦਾ ਬੁਝਦਾ ਦਗਧ ਹੁੰਦਾ ਰਹਿੰਦਾ ਹੈ। ਮੰਦਾ ਕੰਮ ਉਸ ਤੋਂ ਹੋ ਜਾਵੇ ਤਾ ਕਰਾਵਨਹਾਰ ਕਰਤਾਰ ਦੇ ਮੱਥੇ ਮੜ੍ਹਦਾ ਹੈ। ਉਥੇ ਇਹ ਖਰੜ ਗਿਆਨ ਛਾਂਟਣ ਲਗ ਪੈਂਦਾ ਹੈ, ''ਮੈਂ



www.AKJ.Org

ਕੀ ਕੀਤਾ ਹੈ, ਸਭ ਕਰਤਾਰ ਨੇ ਹੀ ਕੀਤਾ ਹੈ।" ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਉਹ ਇਸ ਬਿਧਿ ਖਰੜ ਗਿਆਨੀ ਬਣ ਬੈਠਦਾ ਹੈ। ਵਾਸਤਵ ਵਿਚਿ ਉਸ ਦਾ ਇਸ ਗੱਲ ਤੇ ਨਿਸਚਾ ਨਹੀਂ ਹੁੰਦਾ। ਦੋਹਾਂ ਹਾਲਤਾਂ ਵਿਚ ਚੰਗਾ ਮੰਦਾ ਕਰਮ ਕਰਦਿਆਂ ਹੋਇਆਂ ਉਸ ਦੀ ਕਿਸਮਤ ਵਿਚਿ ਤਾਂ ਰਿਝਣਾ ਕਰਿਝਣਾ ਹੀ ਲਿਖਿਆ ਹੋਇਆ ਹੈ। ਜੀਅਹੁ ਓਹ ਅਭਿਮਾਨੀ ਹੀ ਬਣਿਆ ਰਹਿੰਦਾ ਹੈ। ਇਹ ਜੀਅੜੀ ਅਭਿਮਾਨ ਅਤੇ ਅਭਿਮਾਨ ਵਿਚਿ ਰਚਣਾ ਪਚਣਾ ਭੀ ਇਕ ਹੁਕਮ ਰਜਾਈ ਸਜ਼ਾ ਹੀ ਉਸ ਨੂੰ ਮਿਲੀ ਹੈ। ਹਉਮੈ ਠਗਉਰੀ ਪਾਇ ਕੇ ਭੁਲਾਵਨਹਾਰਾ ਨਿਆਉਂ ਕਰਾਵਨਹਾਰ ਕਰਮ ਕਰਨ ਨਿਆਇਕਾਰਾ ਸਿਰਜਣਹਾਰਾ ਕਰਤਾ ਉਸਨੂੰ ਭੁਲਾਇੰਦਾ ਹੈ। ਤਾਹੀਂ ਤੇ ਤਿਸ ਪ੍ਰਥਾਇ ਇਹ ਗੁਰਵਾਕ ਪੰਗਤੀ ਉਪਰਲੇ ਗੁਰ ਪ੍ਰਮਾਣ ਵਿਚਿ ਆਈ ਹੈ।

"ਭੁਲਣ ਵਿਚਿ ਕੀਆ ਸਭੁ ਕੋਈ
ਕਰਤਾ ਆਪਿ ਨ ਭੁਲੈ॥"

ਬਸ, ਨਾਮੁ ਰੂਪੀ ਤਤ ਵਸਤੂ (ਸਚੁ) ਦੀ ਕਮਾਈ ਕੀਤਿਆਂ ਸਚਾ ਨਿਸਤਾਰਾ ਹੈ। ਕਿਸੇ ਵਿਰਲੇ ਗੁਰਮੁਖ ਪਿਆਰੇ ਤੇ ਹੀ ਇਹ ਬਖਸ਼ ਹੁੰਦੀ ਹੈ ਕਿ ਨਿਰਬਿਘਨ ਨਾਮ ਕਮਾਈ ਕਰਦਿਆਂ ਉਸ ਦੀ ਤੋੜ ਨਿਭਦੀ ਹੈ। ਚੁਰਾਸੀ ਦੇ ਗੇੜ ਅਤੇ ਹਉਮੈਂ ਦੇ ਫੇਰੇ ਵਿਚ ਪੈਣ ਤੋਂ ਉਸੇ ਦਾ ਹੀ ਸਚਾ ਛੁਟਕਾਰਾ ਹੈ। (ਚਲਦਾ)

(ਪੰਨਾ ੨੦ ਦਾ ਬਾਕੀ ...)

ਸਤਿਗੁਰ ਬਾਝਹੁ ਅੰਧ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਾਵਾਰ॥
(ਪੰਨਾ੮੪੩)

(੧੩) ਨਾਮ ਸਿਮਰਨ ਬਾਰੇ ਇੱਕ ਭੁਲੇਖੇ ਦੀ ਨਵਿਰਤੀ:-

ਨਾਮ ਸਿਮਰਨ ਉੱਤੇ ਗੁਰੂ-ਅਮਰਦਾਸ ਜੀ ਦੀ ਬਾਣੀ ਵਿੱਚ ਬਹੁਤ ਜ਼ੋਰ ਦਿੱਤਾ ਗਿਆ ਹੈ। ਪਰ ਆਪ ਜੀ ਨੇ ਇਹ ਸਪਸ਼ਟ ਸਮਝਾਇਆ ਹੈ ਕਿ ਕੇਵਲ ਮਾਤਰ ਤੋਤਾ-ਰਟਨ ਨਾਮ ਸਿਮਰਨ ਨਹੀ ਅਖਵਾ ਸਕਦਾ। ਇਸ ਸਿਧਾਂਤ ਨੂੰ ਸਮਝਾਉਣ ਲਈ ਗੁਰੂ ਜੀ ਨੇ ਖੂਹ ਦੇ ਹਲਟ ਦੀ ਉਦਾਹਰਣ ਦਿੱਤੀ ਹੈ। ਚਲਦੇ ਖੂਹ ਦੇ ਹਲਟ ਵੀ ਜੰਤਰਾਂ ਦੇ ਗਰੜ ਖਾਣ ਨਾਲ ਕਈ ਵਾਰੀ ਤੂੰ ਤੂੰ ਦੀ ਪਿਆਰੀ ਤੇ ਮਿੱਠੀ ਆਵਾਜ਼ ਕੱਢਣ ਲੱਗ ਜਾਂਦੇ ਹਨ। ਪਰ ਹਲਟਾਂ ਦੀ ਇਹ ਤੂੰ ਤੂੰ ਦੀ ਆਵਾਜ਼ ਪਿਆਰ ਅਤੇ ਭਗਤੀ ਜਜ਼ਬੇ ਤੋਂ ਸਖਣੀ ਹੋਣ ਕਰਕੇ ਨਾਮ ਸਿਮਰਨ ਨਹੀਂ ਅਖਵਾ ਸਕਦੀ ।ਇਸੇ ਤਰ੍ਹਾਂ ਮਨ ਵਿੱਚ ਰੱਬੀ ਗੁਣ ਧਾਰਨ ਕੀਤੇ ਬਿਨਾਂ ਤੇ ਰੱਬੀ ਪਿਆਰ ਪੈਦਾ ਕੀਤੇ ਬਿਨਾਂ ਤੋਤਾ ਰਟਨ ਪਾਠ ਸਿਮਰਨ ਨਹੀਂ ਅਖਵਾ ਸਕਦਾ। ਫੁਰਮਾਨ ਹੈ-

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥
ਨਾਨਕ ਗੁਰਮੁਖਿ ਜਿਨ ਧਿਆਇਆ, ਆਏ ਸੇ ਪਰਵਾਣ॥
(ਪੰਨਾ ੧੪੨੦)

## ਆਪਾ ਸੁਆਰਨ ਦੀ ਲੋੜ

(ਡਾ: ਜਸਵੰਤ ਸਿੰਘ 'ਨੇਕੀ')

ਆਓ ।ਆਪਣੇ ਬੱਚਿਆਂ ਨੂੰ ਸੰਭਾਲੀਏ। ਉਹ ਪੰਥ ਦਾ ਭਵਿੱਖ ਹਨ। ਉਹਨਾਂ ਨੂੰ ਆਪਣੇ ਕਲਚਰ ਤੇ ਆਪਣੀ ਪ੍ਰੰਪਰਾ ਦੀ ਜਾਣਕਾਰੀ ਦੇਣ ਦਾ ਪ੍ਰਬੰਧ ਕਰੀਏ। ਉਹਨਾਂ ਨੂੰ ਪੰਜਾਬੀ ਪੜ੍ਹਾਈਏ। ਗੁਰਬਾਣੀ ਦੇ ਚਰਨੀ ਲਾਈਏ। ਗੁਰਬਾਣੀ ਦੇ ਅਰਥ ਸਿਖਾਲਣ ਦਾ ਬੰਦੋਬਸਤ ਕਰੀਏ। ਸਿੱਖ ਇਤਿਹਾਸ ਦੇ ਗੌਰਵ ਨਾਲ ਉਹਨਾਂ ਨੂੰ ਜਾਣੂ ਕਰਵਾਈਏ। ਉਹਨਾਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨ ਦਾ ਉਤਸ਼ਾਹ ਦੇਈਏ ਤਾਂ ਜੋ ਉਹ ਏਡੇ ਵਿਦਵਾਨ ਹੋਣ ਕਿ ਵਿਤਕਰੇ ਦਾ ਉਤਸ਼ਾਹ ਅਗਾਂਹ ਵਧ ਸਕਣ। ਕੇਵਲ ਇਕੋ ਥਾਂ ਦੀ ਝਾਕ ਨਾ ਰੱਖੋ। ਉਹ ਸਾਰੇ ਸੰਸਾਰ ਵਿੱਚ ਨਾਮਣਾ ਖੱਟ ਸਕਦੇ ਹਨ। ਇਸ ਜੋਗਾ ਉਹਨਾਂ ਨੂੰ ਕਰੋ।

ਇਹ ਦੋ ਕੰਮ ਯਹੂਦੀਆਂ ਨੇ ਕੀਤੇ ਸਨ। ਦੋ ਹਜ਼ਾਰ ਸਾਲ ਉਹ ਸੰਸਾਰ ਭਰ ਵਿੱਚ ਮਾਰ ਖਾਂਦੇ ਰਹੇ, ਹਰ ਪਾਸਿਓਂ ਉਹਨਾਂ ਨੂੰ ਬਦਨਾਮ ਕੀਤਾ ਗਿਆ। ਉਹਨਾਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ ਗਏ। ਉਹਨਾਂ ਇਹੋ ਦੋ ਫੈਸਲੇ ਕੀਤੇ ਕਿ ਉਹ ਆਪਣਾ ਕਲਚਰ ਆਪਣੇ ਬੱਚਿਆਂ ਤੱਕ ਅਵੱਸ਼ ਪੁਚਾਉਣਗੇ ਤੇ ਆਪਣੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਦੇਣਗੇ। ਇਹਨਾਂ ਫੈਸਲਿਆਂ ਸਦਕਾ ਅੱਜ ਉਹ ਸੰਸਾਰ ਭਰ ਵਿੱਚ ਸਨਮਾਨ ਦਾ ਅਸਥਾਨ ਪ੍ਰਾਪਤ ਕਰੀ ਬੈਠੇ ਹਨ।

ਆਓ । ਅੱਜ ਅਸੀਂ ਸਾਰੇ ਇਹ ਪ੍ਰਣ ਲਈਏ ਕਿ ਆਪਣੇ ਆਪ ਨੂੰ ਸੰਵਾਰਨ ਦੇ ਕੰਮ ਵਿੱਚ ਲੱਗ ਜਾਵਾਂਗੇ। ਕੋਈ ਐਸਾ ਕੰਮ ਨਹੀ ਕਰਾਂਗੇ ਜਿਸ ਨਾਲ ਪੰਥ ਦੇ ਵਕਾਰ ਨੂੰ ਧੱਕਾ ਲੱਗੇ। ਆਪਣੇ ਕਿਸੇ ਹਿੱਤ ਤੋਂ ਪੰਥ ਦੇ ਸਮੂਹਿਕ ਹਿੱਤ ਨੂੰ ਕੁਰਬਾਨ ਨਹੀਂ ਕਰਾਂਗੇ। ਆਪਣੇ ਬੱਚਿਆਂ ਨੂੰ ਸੰਭਾਲਾਂਗੇ, ਉਹਨਾਂ ਨੂੰ ਗੁਰੂ ਜੋਗਾ ਵੀ ਕਰਾਂਗੇ ਤੇ ਸੰਸਾਰ ਵਿੱਚ ਉਪਰ ਉੱਠਣ ਜੋਗਾ ਵੀ, ਜਿਸ ਨਾਲ ਪੰਥ ਦਾ ਨਾਮ ਰੋਸ਼ਨ ਹੋ ਸਕਦੇ।

ਜੇਕਰ ਅਸੀਂ ਆਪਾ ਸੁਆਰਨ ਦੇ ਕਾਰਜ ਦੀ ਲਹਿਰ ਤੋਰ ਦੇਈਏ ਤਾਂ ਸਾਨੂੰ ਮੁੜ ਸਤਿਗੁਰੂ ਦੀ ਵੱਡਮੁਲੀ ਪ੍ਰਤੀਤ ਪ੍ਰਾਪਤ ਹੋ ਜਾਵੇਗੀ, ਕਿਉਂਕਿ ਸਾਨੂੰ ਬਚਨ ਦਿੱਤਾ ਗਿਆ ਹੈ :

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ॥੯੫॥ (ਸਲੋਕ ਫਰੀਦ, ਪੰਨਾ੧੩੮੨)


www.AKJ.Org

## ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-196 ਸਾਢੇ 22 ਸਾਲਾ ਕੱਦ 5' 6", 10+2 ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-197 23 ਸਾਲਾ ਕੱਦ 5'5", ਬੀ. ਏ. ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-198 ਸਾਢੇ 23 ਸਾਲਾ ਮਕੈਨੀਕਲ ਦਾ ਡਿਪਲੋਮਾ ਪਾਸ ਕੀਰਤਨੀਏ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-199 30 ਸਾਲਾ ਕੱਦ 5' 9", ਘੱਟ ਪੜ੍ਹਿਆ ਖੇਤੀ ਬਾੜੀ ਅਤੇ ਡੇਅਰੀ ਦੇ ਕੰਮ ਵਿਚ ਨਿਪੁੰਨ ਸਿੰਘ ਲਈ ਬੀਬੀ ਦੀ ਲੋੜ ਹੈ। ਦੁਨਿਆਵੀ ਜਾਤ ਦਾ ਕੋਈ ਵਿਚਾਰ ਨਹੀ।

LD-200 wanted suitable educated match for a boy aged 25 years Height 5' 9" graduate, Diploma in Computer, Advance Diploma in Software boy has applied for immigration to Canada

LD-201 20 ਸਾਲਾ, ਕੱਦ ਸਾਢੇ 5', 10+2 ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-202 29 ਸਾਲਾ ਕੱਦ 6', 10+2 ਪਾਸ, ਦੋ ਭਰਾਵਾਂ ਦਾ ਸਾਂਝਾ ਕਾਰੋਬਾਰ ਮਾਸਿਕ ਆਮਦਨ 20 ਤੋਂ 22 ਹਜ਼ਾਰ ਪ੍ਰਤੀ ਮਹੀਨਾ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-203 Wanted officer Rank educated boy for a girl belonged to educated family aged 26 years 9 months height 5'3", BSc Bed.working as Science teacher in govt. service. Doing post graduation and expert in all household activities.

LD-204 32 ਸਾਲਾ, ਕੱਦ 4'6", M.A. B.ed. ਸਿਲਾਈ ਕਢਾਈ, ਬੁਨਾਈ ਅਤੇ ਹੋਰ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-205 28 ਸਾਲਾ ਕੱਦ 5'5" Bsc. Bed. ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-206 26 ਸਾਲਾ ਕੱਦ 5', B.Sc.B.ed, D.Pharmacy ਅਤੇ M.A. ਪੰਜਾਬੀ ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਬਿਸ਼ਨ ਸਿੰਘ ਗੁਰਦਾਸਪੁਰ- | ੫੦/- | ਗੁਪਤ- | ੫੦੦/- |
| ਸ: ਹਰਭਜਨ ਸਿੰਘ ਫਰੀਦਾਬਦ- | ੫੦/- | ਗੁਰਬਚਨ ਸਿੰਘ- | ੨੦/- |
| ਗੁਪਤ- | ੧੦੦/- | ਮਹਿੰਦਰ ਸਿੰਘ- | ੫੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਇੰਦਰ ਦੀਪ ਸਿੰਘ ਲੁਧਿਆਣਾ- | ੨੦/- | ਗੁਪਤ- | ੧੦੦/- |

## ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

1. ਸ੍ਰੀ ਅਖੰਡ ਪਾਠ ਸਾਹਿਬ 15 ਤੋਂ 17 ਮਈ ਭਾਈ ਇੰਦਰਪਾਲ ਸਿੰਘ ਦੇ ਗ੍ਰਿਹ ਉਪਰੰਤ ਅਖੰਡ ਕੀਰਤਨ ਗੁਰੂ ਨਾਨਕ ਸਤਸੰਗ ਗੁਰਦੁਆਰਾ Rutland Rd. Maidenhead ਵਿਖੇ। ਪੁਛਗਿਛ 01628-28536

੨. 17 ਮਈ ਭੋਗ ਸ੍ਰੀ ਅਖੰਡ ਪਾਠ ਉਪਰੰਤ ਅਖੰਡ ਕੀਰਤਨ Guru Nanak Gurd. 8 Edward St. west Bromwich, West Midlands U.K. ਪੁਛਗਿਛ Tel. 01215256015 ਭਾਈ ਕੁਲਦੀਪ ਸਿੰਘ ਜੀ।

3. ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ੨3 ਮਈ ਰਾਤ ਨੂੰ ਰੈਣਿ ਸਬਾਈ ਕੀਰਤਨ Gurd. Singh Sabha Hill House Lane Fartown, Huddersfield ਪੁਛਗਿਛ ਭਾਈ ਨਿਰਮਲ ਸਿੰਘ 01422 378302

### ਜ਼ਰੂਰੀ ਸੂਚਨਾ

ਕੁਰਾਲੀ ਸਮਾਗਮ ਦੌਰਾਨ ੨੨-3-98 ਨੂੰ ਕਿਸੇ ਵੀਰ ਭੈਣ ਦੀ ਡਿੱਗੀ ਹੋਈ ਕੁਝ ਮਾਇਆ ਦਵਾਈ ਪੁੜੀਆ ਸਮੇਤ ਇਕ ਲਿਫਾਫੇ ਵਿਚ ਮਿਲੀ ਹੈ। ਜਿਸ ਕਿਸੇ ਦੀ ਹੋਵੇ ਉਹ ਭਾਈ ਹਰਭਜਨ ਸਿੰਘ ਜੀ ਵਾਰਡ 7 ਨੇੜੇ ਬੱਸ ਸਟੈਂਡ ਕੁਰਾਲੀ ਪਾਸੋਂ ਪ੍ਰਾਪਤ ਕਰ ਸਕਦਾ ਹੈ।

www.AKJ.Org

## ਪੁਰਾਤਨ ਕੀਰਤਨੀਏ ਭਾਈ ਨੌਂਹਰੀਆ ਸਿੰਘ ਜੀ



ਭਾ: ਨੌਹਰੀਆਂ ਸਿੰਘ ਜੀ ਅਖੰਡ ਕੀਰਤਨੀ ਜੱਥੇ ਦੇ ਉਨ੍ਹਾਂ ਪੁਰਾਤਨ ਸਿੰਘਾਂ ਵਿਚੋਂ ਸਨ ਜਿਨ੍ਹਾਂ ਨੂੰ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਨਿਕਟਵਰਤੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਨੇ ਜੁਲਾਈ 1948 ਵਿਚ ਸ਼ਿਮਲੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਲਗਾਤਾਰ ਪੰਜਾਹ ਸਾਲ ਜੱਥੇ ਵਿਚ ਕੀਰਤਨ ਦੀ ਸੇਵਾ ਕੀਤੀ। ਆਪ ਜੀ ਦੀ ਪ੍ਰੇਰਨਾ ਸਦਕਾ ਕਈ ਗੁਰੂ ਦੇ ਲਾਲ ਜਹਾਜ਼ੇ ਚੜ੍ਹ ਜੱਥੇ ਵਿਚ ਆ ਜੁੜੇ। ਆਪ ਜੀ ਨੇ ਨਾਰੰਗਵਾਲ ਅਤੇ ਕੁਮਾਰਹਟੀ (ਸ਼ਿਮਲਾ ਹਿਲਜ਼) ਵਿਖੇ ਭਾਈ ਸਾਹਿਬ ਦੀ ਸੇਵਾ ਅਤੇ ਸੰਗਤ ਦਾ ਖੂਬ ਅਨੰਦ ਮਾਣਿਆ। ਰੇਲਵੇ ਦੀ ਨੌਕਰੀ ਤੋਂ ਰੀਟਾਇਰ ਹੋਣ ਮਗਰੋਂ ਆਪ ਜੀ ਦਿੱਲੀ ਆ ਗਏ। ਓੜਕ ਇਹ ਗੁਰਮੁਖ ਰੂਹ ੮੮ ਵਰ੍ਹੇ ਦੀ ਆਯੂ ਭੋਗ ਕੇ ੨੧ ਮਾਰਚ ੯੮ ਨੂੰ ਗੁਰਪੁਰੀ ਧਿਆਨਾ ਕਰ ਗਈ।

## ਗੋਨਿਆਣਾ ਮੰਡੀ (ਬਠਿੰਡਾ) ਵਿਖੇ ਰੈਣਿ ਸਬਾਈ ਕੀਰਤਨ

ਗੁ: ਸੰਤ ਭਾਈ ਸੁਹੇਲ ਸਿੰਘ ਨਵੀਨ ਬਸਤੀ ਵਿਖੇ 16 ਮਈ ਰਾਤ ਨੂੰ ਅਖੰਡ ਕੀਰਤਨ ਅਖਾੜੇ ਸਜਣਗੇ।

## ਪਿੰਡ ਬਾਰਦੇ ਕੇ ਨੇੜੇ ਜਗਰਾਉਂ ਵਿਖੇ ਰੈਣਿ ਸਬਾਈ ਕੀਰਤਨ

ਸ਼ਹੀਦ ਬੀਬੀ ਅਨੂਪ ਕੌਰ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ 16 ਮਈ ਰਾਤ ਨੂੰ।

## ਜਗਾਧਰੀ ਵਿਖੇ ਰੈਣਿ ਸਬਾਈ ਕੀਰਤਨ

ਭਾਈ ਦਵਿੰਦਰ ਸਿੰਘ ਦੇ ਗ੍ਰਹਿ ੫੨੫ ਲੋਹਾਰਾ ਮਹੱਲਾ ਵਿਖੇ ਰੈਣਿ ਸਬਾਈ ਕੀਰਤਨ ੨੩ ਮਈ ਰਾਤ ਨੂੰ।

## ਕਾਹਨੂੰਵਾਲ (ਛੰਭ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ੨੧ ਤੋਂ ੨੩ ਮਈ ਸ੍ਰੀ ਅਖੰਡ ਪਾਠ ਸਾਹਿਬ ੨੩ ਮਈ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ।

## ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਪਾ: ੫ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

੨੬-5-੯8 ਸ਼ਾਮ ੬ ਤੋਂ ੯ ਸੋਦਰ ਉਪਰੰਤ ਅਖੰਡ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ।

੨7-5-੯8 ਸਵੇਰੇ 4 ਤੋਂ 7 ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਵਿਖੇ। ਸ਼ਾਮ ੬ ਤੋਂ ੯ ਸੋਦਰ ਉਪਰੰਤ ਅਖੰਡ ਕੀਰਤਨ ਗੁ: ਚਰਨ ਕੰਵਲ ਨੇੜੇ ਰੌਸ਼ਨ ਗਰਾਊਂਡ।

੨8-5-੯8 ਸਵੇਰੇ ੬ ਤੋਂ ੧੨ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ ਇਤਿਹਾਸਿਕ ਗੁ: ਭਾਈ ਜੋਗਾ ਸਿੰਘ ਜੀ ਸ਼ਾਮ 4 ਵਜੇ ਆਰੰਭ ਨਗਰ ਕੀਰਤਨ ਗੁ: ਸਿੰਘ ਸਭਾ ਤੋਂ।

੨੯-5-੯8 ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ ਅਤੇ ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਵਿਖੇ।

ਅੰਮ੍ਰਿਤ ਸੰਚਾਰ:- ੨੯ ਮਈ ਸ਼ਾਮ 7 ਵਜੇ ਗੁ: ਸਿੰਘ ਸਭਾ ਦੇ ਹਾਲ ਵਿਚ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

ਰਿਹਾਇਸ਼ ਤੇ ਲੰਗਰ :- ਸੰਗਤਾ ਦੀ ਰਿਹਾਇਸ਼ ਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ:- ਪ੍ਰਬੰਧਕ ਕਮੇਟੀ ਗੁ: ਸਿੰਘ ਸਭਾ ਹੁਸ਼ਿਆਪੁਰ ਅਤੇ ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ॥

## ਕੁਮਾਰਹੱਟੀ ਵਿਖੇ ਸ਼ਹੀਦੀ ਪੁਰਬ ਤੇ ਸਾਲਾਨਾ ਸਮਾਗਮ

ਗੁ: ਤਪੋਬਨ ਸਾਹਿਬ ਕੁਮਾਰਹੱਟੀ ਜ਼ਿਲਾ ਸੋਲਨ ਵਿਖੇ 30 ਮਈ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ।

ਨੋਟ :-ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

## ਪਠਾਨਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੬ ਜੂਨ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ।

## ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ

ਗੁ: ਦਸਮੇਸ਼ ਨਗਰ ਨੇੜੇ ਕੈਂਪਾ ਕੋਲਾ ਚੌਂਕ ਗਿਲ ਰੋਡ ਲੁਧਿਆਣਾ ਵਿਖੇ ੨7 ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

[ਯੂ. ਕੇ. ਦੇ ਅਖੰਡ ਕੀਰਤਨ ਸਮਾਗਮ ਅੰਦਰਲੇ ਪੰਨੇ ਤੇ ਦੇਖੋ।]



www.AKJ.Org